**ਬੀ.ਏ. ਭਾਗ ਦੂਜਾ** **ਧਰਮ ਅਧਿਐਨ ਪਰਚਾ – ੳ**

**ਸਮੈਸਟਰ ਤੀਜਾ** **(ਸਾਮੀ ਧਰਮ)**

**ਯੂਨਿਟ ਨੰਬਰ : 2**


PUNJABI UNIVERSITY PATIALA

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ


(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ :**

## ਯੂਨਿਟ (2) ਇਸਲਾਮ ਧਰਮ ਅਤੇ ਪਾਰਸੀ ਧਰਮ

2..1 ਇਸਲਾਮ ਧਰਮ : ਮੁਢਲੀ ਜਾਣ-ਪਛਾਣ

2.2. ਪੈਗੰਬਰ ਮੁਹੰਮਦ ਦਾ ਜੀਵਨ ਤੇ ਸਿੱਖਿਆਵਾਂ

2.3. ਪਵਿੱਤਰ ਕੁਰਾਨ : ਸੰਖੇਪ ਜਾਣ-ਪਛਾਣ

2.4. ਪਾਰਸੀ ਧਰਮ : ਮੁਢਲੀ ਜਾਣ-ਪਛਾਣ ਅਤੇ ਜਰਤੁਸ਼ਤ ਦਾ ਜੀਵਨ

2.5. ਜ਼ੰਦ ਅਵੇਸਤਾ : ਸੰਖੇਪ ਜਾਣ-ਪਛਾਣ

2.6. ਪਾਰਸੀ ਧਰਮ ਦੇ ਧਾਰਮਿਕ ਵਿਸ਼ਵਾਸ ਅਤੇ ਸਿਧਾਂਤ

**ਪਾਠ ਨੰ : 2.1**

## ਇਸਲਾਮ ਧਰਮ : ਮੁੱਢਲੀ ਜਾਣ-ਪਛਾਣ

ਇਸ ਪਾਠ ਵਿਚ ਇਸਲਾਮ ਸਬੰਧੀ ਜਾਣਕਾਰੀ ਪ੍ਰਦਾਨ ਕਰਦੇ ਹੋਏ ਇਸ ਦੇ ਪਿਛੋਕੜ, ਆਰੰਭ ਅਤੇ ਵਿਕਾਸ ਬਾਰੇ ਚਰਚਾ ਕੀਤੀ ਜਾਵੇਗੀ। ਇਸਲਾਮ ਤੋਂ ਪਹਿਲਾਂ ਅਰਬ ਦੀ ਧਾਰਮਿਕ ਅਤੇ ਸਮਾਜਿਕ ਦਸ਼ਾ ਤੇ ਝਾਤ ਮਾਰਦੇ ਹੋਏ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ ਬਿਰਤਾਂਤ ਪੇਸ਼ ਕੀਤਾ ਜਾਵੇਗਾ।

ਸੰਸਾਰ ਵਿਚ ਸਮੇਂ-ਸਮੇਂ ਕਈ ਧਰਮਾਂ ਨੇ ਜਨਮ ਲਿਆ ਜਿਹਨਾਂ ਦਾ ਪਿਛੋਕੜ ਆਪਣੇ ਇਤਿਹਾਸ ਜਾਂ ਮਿਥਿਹਾਸ ਵਿਚ ਛੁਪਿਆ ਹੋਇਆ ਹੈ। ਹਰ ਧਰਮ ਦੇ ਪੈਰੋਕਾਰ ਆਪਣੇ ਧਰਮ ਨੂੰ ਸੰਸਾਰ ਦੇ ਦੂਜੇ ਧਰਮਾਂ ਤੋਂ ਪੁਰਾਣਾ ਮੰਨਦੇ ਹਨ ਤੇ ਆਪਣੇ ਗੁਰੂ, ਪੀਰ ਪੈਗੰਬਰ ਨੂੰ ਪ੍ਰਮਾਤਮਾ ਦੁਆਰਾ ਭੇਜਿਆ ਦੂਤ ਮੰਨਦੇ ਹਨ ਜੋ ਸੰਸਾਰਿਕ ਲੋਕਾਂ ਦੇ ਕਲਿਆਣ ਲਈ ਆਪਣਾ ਜੀਵਨ ਧਾਰਦਾ ਹੈ। ਮੁਸਲਮਾਨਾਂ ਦਾ ਵਿਸ਼ਵਾਸ਼ ਹੈ ਕਿ ਇਸਲਾਮ ਸੰਸਾਰ ਵਿਚ ਖੁਦਾ ਦਾ ਆਖਰੀ, ਅੰਤਿਮ ਸੰਦੇਸ਼ ਹੈ ਤੇ ਇਹ ਧਰਮ ਸੰਸਾਰ ਤੇ ਮਨੁੱਖੀ ਹੋਂਦ ਜਿੰਨਾ ਹੀ ਪੁਰਾਣਾ ਹੈ। ਇਹ ਵਿਚਾਰ ਕੁਰਾਨ, ਮੁਹੰਮਦ ਸਾਹਿਬ ਤੇ ਇਸਲਾਮ ਦੇ ਵਿਦਵਾਨਾਂ ਦਾ ਹੈ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਮਾਨਵਜਾਤੀ ਦੇ ਕਲਿਆਣ ਲਈ ਰੱਬ ਵੱਲੋਂ ਹਜ਼ਾਰਾਂ ਪੈਗੰਬਰ ਇਸ ਸੰਸਾਰ ਤੇ ਭੇਜੇ ਗਏ, ਜਿਹਨਾਂ ਨੇ ਲੋਕਾਂ ਨੂੰ ਸਿੱਧੇ ਰਾਹ ਅਤੇ ਸੱਚ ਦੇ ਮਾਰਗ ਵਲ ਪ੍ਰੇਰਿਤ ਕੀਤਾ। ਪੈਗੰਬਰੀ ਦਾ ਇਹ ਸਿਲਸਿਲਾ ਮੁਹੰਮਦ ਸਾਹਿਬ ਨਾਲ ਖਤਮ ਹੋ ਗਿਆ। ਉਹਨਾਂ ਤੋਂ ਬਾਦ ਕੋਈ ਨਵਾਂ ਪੈਗੰਬਰ ਸੰਸਾਰ ਤੇ ਨਹੀਂ ਆਏਗਾ ਤੇ ਕਿਆਮਤ ਦੇ ਦਿਨ ਤਕ ਇਹ ਕੰਮ ਉਹਨਾਂ ਲੋਕਾਂ ਨੂੰ ਕਰਨਾ ਪਵੇਗਾ ਜੋ 'ਦੀਨ-ਏ-ਹੱਕ' ਭਾਵ ਧਰਮ ਦੇ ਰਾਹ ਤੇ ਚਲ ਪਏ।

ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪ੍ਰਮਾਤਮਾ ਦੇ ਹੁਕਮ (ਰਜ਼ਾ) ਅਨੁਸਾਰ ਚਲਣਾ, ਖੁਦਾ ਦੀ ਪੂਰੀ ਆਗਿਆਕਾਰੀ। ਭਾਵੇਂ ਇਸ ਦਾ ਅਰਥ ਸ਼ਾਂਤੀ ਹੈ ਪਰ ਧਾਰਮਿਕ ਤੌਰ ਤੇ ਇਸ ਦੇ ਪਹਿਲੇ ਅਰਥ ਹੀ ਵਰਤੋਂ ਵਿਚ ਆਉਂਦੇ ਹਨ ਤੇ ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਕੁਰਾਨ ਵਿਚ ਇਸ ਦੀ ਵਰਤੋਂ ਕੀਤੀ ਗਈ। ਅਸਲ ਵਿਚ ਕਾਫਰ ਤੇ ਮੋਮਨ ਵਿਚ ਇਹ ਹੀ ਅੰਤਰ ਹੈ। ਹਰ ਉਹ ਮਨੁੱਖ ਜਿਹੜੇ ਸੱਚੇ ਦਿਲ ਤੋਂ ਇਹ ਕਲਮਾ ''ਲਾ ਇਲਹਾ ਇੱਲਿੱਲਾਹੁ ਮੁਹੰਮਦ ਰਸੂਲੱਲਾ ਹ'' ਦਾ ਇਕਰਾਰ ਕਰਦਾ ਹੈ, ਮੁਸਲਮਾਨ ਹੈ। ਜਦੋਂ ਤੀਕ ਇਹ ਵਿਸ਼ਵਾਸ਼ ਕਿਸੇ ਵਿਅਕਤੀ ਦੇ ਦਿਲ ਵਿਚ ਨਾ ਜੰਮਿਆ ਹੋਇਆ ਹੋਵੇ ਉਹ ਇਸ ਦਾ ਸੱਚੇ ਦਿਲੋਂ ਇਕਰਾਰ ਨਾ ਕਰੇ, ਮੁਸਲਮਾਨ ਨਹੀਂ ਹੋ ਸਕਦਾ। ਇਸਲਾਮ ਦੀ ਸਥਾਪਨਾ, ਹਜ਼ਰਤ ਮੁਹੰਮਦ ਸਾਹਿਬ ਨੇ ਕੀਤੀ ਤੇ ਇਸ ਦਾ ਜਨਮ ਅਰਬ ਵਿਚ ਮੱਕੇ ਦੇ ਸਥਾਨ ਤੇ ਹੋਇਆ। ਇਸਲਾਮ ਤੋਂ ਪਹਿਲਾਂ ਅਰਬ ਦੀ ਦਸ਼ਾ ਕੀ ਸੀ, ਉਥੋਂ ਦੇ ਸਮਾਜਿਕ, ਭੂਗੋਲਿਕ, ਰਾਜਨੀਤਿਕ ਹਾਲਾਤ ਕਿਹੋ ਜਿਹੇ ਸਨ, ਜਿਥੇ ਇਸਲਾਮ ਦਾ ਜਨਮ ਹੋਇਆ, ਇਹ ਪ੍ਰਸ਼ਨ ਵਿਚਾਰਨੇ ਜ਼ਰੂਰੀ ਹਨ।

ਨਹਿਰ ਸਵੇਜ ਦੇ ਸੱਜੇ ਉੱਤਰੀ ਪਾਸੇ ਖੁਲ੍ਹਾ, ਰੇਤਲਾ ਅਤੇ ਪਹਾੜੀਆਂ ਵਾਲਾ ਪਥਰੀਲਾ ਇਕ ਵਿਸ਼ਾਲ ਇਲਾਕਾ ਹੈ ਜਿਸ ਦਾ ਨਾਂ ਅਰਬ ਹੈ। ਇਹ ਥਾਂ ਪੱਛਮ ਤੋਂ ਲਾਲ ਸਾਗਰ ਅਤੇ ਪੂਰਬ ਤੋਂ ਫਾਰਸ ਦੀ ਖਾੜੀ ਦੇ ਵਿਚਾਲੇ ਹੈ ਤੇ ਇਸ ਦਾ ਦੱਖਣੀ ਕਿਨਾਰਾ ਅਰਬ ਸਾਗਰ ਤੇ ਉੱਤਰੀ ਸਿਰਾ ਈਰਾਨ ਅਤੇ ਸੀਰੀਆ ਨੂੰ ਜਾ ਮਿਲਦੇ ਹਨ। ਇਸ ਥਾਂ ਦੀਆਂ ਹੱਦਾਂ ਵਿਚਲੀ ਵਿਸ਼ਾਲ ਧਰਤੀ ਨੂੰ ਅਰਬ ਦੇ ਜਜ਼ੀਰੇ ਕਿਹਾ ਹੈ।

### ਧਰਤੀ

ਅਰਬ ਦਾ ਵੱਡਾ ਹਿੱਸਾ ਮਾਰੂਥਲ ਹੈ ਪ੍ਰੰਤੂ ਕਿਤੇ-ਕਿਤੇ ਛੋਟੇ ਨਖਲਿਸਤਾਨ (Oasis-ਹਰਿਆਵਲ ਵਾਲੀ ਥਾਂ) ਹਨ। ਅਰਬ ਦੇ ਇਕ ਵੱਡੇ ਭਾਗ ਵਿਚ ਰੂਬਲ ਖਾਲੀ ਨਾਂ ਦਾ ਇਕ ਵੱਡਾ ਮਾਰੂਥਲ ਹੈ। ਲਾਲ ਸਾਗਰ ਦੇ ਸਾਰੇ ਯੂਰਪੀ ਅਤੇ ਮਸਕਟ ਵਲ ਅਦਨ ਤੋਂ ਦੱਖਣ ਤੱਟ ਦੇ ਦੋ ਤਿਹਾਈ ਰਸਤੇ ਤਕ ਪਹਾੜਾਂ ਦੀ ਇਕ ਲੜੀ ਹੈ। ਹਿਜਾਜ਼ (Hejaz) ਪਹਾੜੀਆਂ ਉੱਤਰ ਵਲ ਮੱਧ ਸਾਗਰ ਤੇ ਪੂਰਬੀ ਸਿਰੇ ਤੇ ਆਧੁਨਿਕ ਜਾਰਡਨ, ਸੀਰੀਆ ਤੇ ਲਿਬਨਾਨ ਤੱਕ ਜਾਂਦੀਆਂ ਹਨ। ਦੱਖਣ ਅਤੇ ਪੱਛਮ ਵਿਚ ਸਥਿਤ ਪਹਾੜੀਆਂ ਕਾਰਨ ਇਸ ਮਹਾਂਦੀਪ ਦੇ ਅੰਦਰੂਨੀ ਭਾਗਾਂ ਵਿਚ ਵਰਖਾ ਨਹੀਂ ਹੁੰਦੀ, ਮੱਧ ਸਾਗਰ ਅਤੇ ਭਾਰਤ ਵਲੋਂ ਆਉਣ ਵਾਲੀਆਂ ਮੌਨਸੂਨ ਹਵਾਵਾਂ ਨੂੰ ਇਹ ਪਹਾੜੀਆਂ ਰੋਕ ਲੈਂਦੀਆਂ ਹਨ ਜਿਸ ਕਾਰਨ ਫਸਲਾਂ ਨੂੰ ਸਮੇਂ ਸਿਰ ਵਰਖਾ ਦਾ ਪਾਣੀ ਨਹੀਂ ਮਿਲਦਾ ਤੇ ਉਪਜ ਵਿਚ ਵਾਧਾ ਨਹੀਂ ਹੁੰਦਾ। ਪਰ ਸਾਰਾ ਅਰਬ ਹੀ ਰੇਤ ਦੇ ਟਿੱਬਿਆਂ ਨਾਲ ਨਹੀਂ ਭਰਿਆ ਹੋਇਆ ਕੇਵਲ ਦੋ ਖੇਤਰ, ਉੱਤਰ ਵਿਚ ਨਫੂਦ ਦੇ ਦੱਖਣ

ਵਿਚ ਰੂਬਲ ਖਾਲੀ ਪੂਰੇ ਮਾਰੂਥਲ ਹਨ। ਬਾਕੀ ਥਾਵਾਂ ਆਬਾਦ ਹਨ। ਨਖਲਿਸਤਾਨ, ਸ਼ਹਿਰ ਤੇ ਖਜ਼ੂਰਾਂ ਦੇ ਬਾਗ ਹਨ। ਵਰਖਾ ਦੀ ਕਮੀ ਦੇ ਕਾਰਣ ਵੀ ਧਰਤੀ ਹੇਠ ਪਾਣੀ ਦੀ ਕੋਈ ਕਮੀ ਨਹੀਂ ਤੇ ਇਹ ਪਾਣੀ ਖੂਹਾਂ ਤੇ ਹੋਰ ਸਾਧਨਾਂ ਰਾਹੀਂ ਪ੍ਰਾਪਤ ਹੁੰਦਾ ਹੈ, ਜਿਸ ਨੂੰ ਖੇਤੀ ਲਈ ਵਰਤਿਆ ਜਾਂਦਾ ਹੈ। ਨਖਲਿਸਤਾਨ ਨੇੜੇ ਵਸਦੇ ਲੋਕ ਖੇਤੀ, ਖਜ਼ੂਰਾਂ ਦੇ ਬਾਗ ਤੇ ਪਾਲਤੂ ਪਸ਼ੂਆਂ ਰਾਹੀਂ ਆਪਣਾ ਨਿਰਬਾਹ ਚਲਾਉਂਦੇ ਹਨ। ਵਰਖਾ ਦੀ ਘਾਟ ਨੇ ਲੋਕਾਂ ਦੇ ਰਹਿਣ ਸਹਿਣ ਤੇ ਵੀ ਅਸਰ ਪਾਇਆ ਹੈ। ਬਹੁਤੇ ਲੋਕ ਟੱਪਰੀ ਵਾਸਾਂ ਵਾਲਾ ਜੀਵਨ ਬਤੀਤ ਕਰਦੇ ਹਨ ਕਿਉਂਕਿ ਨਖਲਿਸਤਾਨ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੇ। ਇਸ ਲਈ ਉਹਨਾਂ ਨੂੰ ਆਪਣੀਆਂ ਲੋੜਾਂ ਲਈ ਤੇ ਪਸ਼ੂਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਨਖਿਲਸਤਾਨ ਤੋਂ ਦੂਜੇ ਨਖਿਲਸਤਾਨ ਵਲ ਜਾਣਾ ਪੈਂਦਾ ਸੀ। ਇਹਨਾਂ ਟੱਪਰੀ ਵਾਸਾਂ ਤੋਂ ਇਲਾਵਾ ਕੁਝ ਬੱਦੂ ਜਾਂ ਬਦਵੀ ਲੋਕ ਵੀ ਰਹਿੰਦੇ ਸਨ। ਕੁੱਝ ਅਜਿਹੇ ਵੀ ਸਨ ਜਿਹੜੇ ਲਿਖਾਰੀ ਜਾਂ ਕਾਸ਼ਤਕਾਰ ਸਨ ਤੇ ਸ਼ਹਿਰ ਵਿਚ ਇਕ ਥਾਂ ਤੇ ਨਿਵਾਸ ਕਰਦੇ ਸਨ।

**ਲੋਕ**

ਭੂਗੋਲਿਕ ਸਥਿਤੀ ਅਜਿਹੀ ਹੋਣ ਕਾਰਨ ਲੋਕਾਂ ਦਾ ਸ਼ਾਇਦ ਹੋਰ ਕਿਸੇ ਜਾਤੀ ਨਾਲ ਮੇਲ ਨਹੀਂ ਹੋਇਆ ਤੇ ਇਹ ਲੋਕ ਨਸਲੀ ਤੌਰ ਤੇ ਸ਼ੁੱਧ ਰਹੇ ਪਰ ਇਹ ਗੱਲ ਈਰਾਨ ਅਤੇ ਸੀਰੀਆ ਉੱਤੇ ਲਾਗੂ ਨਹੀਂ ਹੁੰਦੀ ਜਿਥੇ ਫਾਰਸ ਅਤੇ ਬਾਈਜ਼ੈਨਟੀਨ ਅਧਿਕਾਰੀਆਂ ਵਿਚਕਾਰ ਲਗਾਤਾਰ ਝੜਪਾਂ ਹੁੰਦੀਆਂ ਰਹੀਆਂ ਤੇ ਅੰਤਰਜਾਤੀ ਮੇਲ ਹੁੰਦਾ ਰਿਹਾ। ਰਾਜਨੀਤਿਕ ਤੌਰ ਤੇ ਅਰਬ ਬਾਕੀ ਸੰਸਾਰ ਤੋਂ ਕੱਟਿਆ ਰਿਹਾ।

ਅਰਬ ਵਾਸੀ ਬਹੁਤ ਸਾਦਾ ਜੀਵਨ ਬਤੀਤ ਕਰਨਾ ਪਸੰਦ ਕਰਦੇ ਸਨ। ਇਹ ਸਰਲਤਾ ਉਹਨਾਂ ਦੀ ਰਾਜਨੀਤਿਕ ਸੂਝ ਤੇ ਸੰਗਠਨ ਵਿਚ ਵੇਖਣ ਨੂੰ ਮਿਲਦੀ ਹੈ ਕਿਉਂਕਿ ਅਰਬ ਵਾਸੀ ਕਬੀਲਿਆਂ ਅਤੇ ਟੱਬਰਾਂ ਵਿਚ ਵੰਡੇ ਹੋਏ ਸਨ। ਆਪਣੇ ਕਬੀਲੇ ਦਾ ਮੁਖੀ ਸ਼ੇਖ ਹੁੰਦਾ ਸੀ ਜੋ ਹਾਕਮ ਦਾ ਦਰਜਾ ਰਖਦਾ ਸੀ। ਲਿਖਤੀ ਕਾਨੂੰਨ ਨਹੀਂ ਸੀ ਸਗੋਂ ਹਾਕਮ ਦੇ ਬੋਲ ਹੀ ਕਾਨੂੰਨ ਦਾ ਦਰਜਾ ਰਖਦੇ ਸਨ। ਉਹਨਾਂ ਬੋਲਾਂ ਨੂੰ ਮੰਨਣਾ ਤੇ ਉਹਨਾਂ ਦਾ ਪਾਲਣ ਕਰਨਾ ਕਬੀਲੇ ਦੇ ਹਰ ਮਨੁੱਖ ਦਾ ਧਰਮ ਸੀ। ਇਕ ਕਬੀਲੇ ਦੀਆਂ ਸਰਗਰਮੀਆਂ ਕਬੀਲੇ ਦੀ ਭਲਾਈ ਤਕ ਹੀ ਸੀਮਿਤ ਸਨ। ਵੱਖ–ਵੱਖ ਕਬੀਲਿਆਂ ਨੂੰ ਇਕੱਠਾ ਕਰਨ ਵਾਲੀ ਕੋਈ ਸ਼ਕਤੀ ਨਹੀਂ ਸੀ।

ਭਾਵੇਂ ਅਰਬ ਵਿਚ ਕੋਈ ਸੰਗਠਿਤ ਰਾਜ ਨਹੀਂ ਸੀ ਪਰ ਫਿਰ ਵੀ ਬਾਹਰੀ ਹਮਲੇ ਤੇ ਅੰਦਰੂਨੀ ਅਮਨ ਲਈ ਕਈ ਕਬੀਲਿਆਂ ਵਿਚ ਇਕ ਸੰਘੀ ਸਮਝੌਤਾ ਹੁੰਦਾ ਸੀ। ਪਰ ਇਹ ਸੰਘੀ ਸਮਝੌਤੇ ਦੀ ਸੂਝ ਉਨ੍ਹਾਂ ਸ਼ਹਿਰਾਂ ਵਿਚ ਹੀ ਵੇਖਣ ਵਿਚ ਆਉਂਦੀ ਹੈ ਜਿਥੋਂ ਦੇ ਲੋਕਾਂ ਵਿਚ ਉਚੇਰੀ ਸਭਿਅਤਾ ਦੀ ਭਾਵਨਾ ਪੈਦਾ ਹੋ ਚੁੱਕੀ ਸੀ। ਜਿਵੇਂ ਮੱਕੇ ਅਤੇ ਮਦੀਨੇ ਵਿਚ ਮਿੱਤਰ ਕਬੀਲੇ ਦਾ ਮੁੱਖੀ ਉਸ ਸਰਦਾਰ ਨੂੰ ਚੁਣਿਆ ਜਾਂਦਾ ਸੀ ਜਿਸ ਕੋਲ ਵੱਧ ਤੋਂ ਵੱਧ ਰੁਪਿਆ, ਪਸ਼ੂ ਅਤੇ ਆਦਮੀ ਹੋਣ। ਚੁਣੇ ਗਏ ਸਰਦਾਰ ਵਿਚ ਸਿਆਣਪ, ਈਮਾਨਦਾਰੀ ਤੇ ਹੋਰ ਨੈਤਿਕ ਗੁਣ ਹੁੰਦੇ। ਉਸ ਦਾ ਕੰਮ ਕਬੀਲਿਆਂ ਦੇ ਆਪਸੀ ਝਗੜਿਆਂ ਨੂੰ ਹਲ ਕਰਨਾ, ਅਮਨ ਕਾਇਮ ਰੱਖਣਾ ਤੇ ਹੋਰ ਕਈ ਜ਼ਿੰਮੇਵਾਰੀਆਂ ਸਨ। ਮੁੱਖੀ ਦੀ ਮਦਦ ਲਈ ਸਰਦਾਰਾਂ ਦੀ ਇਕ ਕੌਂਸਲ ਵੀ ਬਣਾਈ ਜਾਂਦੀ ਸੀ ਜਿਵੇਂ ਉਹਨਾਂ ਦਿਨਾਂ ਵਿਚ ਮੱਕੇ ਵਿਚ ਸਰਦਾਰਾਂ ਦੀ ਇਕ ਕੌਂਸਲ ਸੀ ਤੇ ਹਰ ਸਰਦਾਰ ਕੋਲ ਇਕ ਮਹਿਕਮਾ ਸੀ।

ਟੱਪਰੀ ਵਾਸੀ ਜੀਵਨ ਹੋਣ ਕਾਰਨ ਉਹਨਾਂ ਦਾ ਸਮਾਜਿਕ ਦ੍ਰਿਸ਼ਟੀਕੋਣ ਵੀ ਇਸ ਤੋਂ ਪ੍ਰਭਾਵਿਤ ਸੀ। ਕਬੀਲਾ ਇਕ ਅਜਿਹਾ ਚੱਕਰ ਸੀ ਜਿਸ ਵਿਚ ਹਰ ਮਨੁੱਖ ਘੁੰਮਦਾ ਰਹਿੰਦਾ ਸੀ। ਕਬੀਲੇ ਵਿਚ ਹੀ ਵਿਆਹ ਹੁੰਦੇ ਪਰ ਕਈ ਵਾਰੀ ਦੂਜੇ ਕਬੀਲੇ ਦੀ ਕੁੜੀ ਜਾਂ ਮੁੰਡੇ ਨੂੰ ਵੀ ਵਿਆਹ ਲਈ ਚੁਣ ਲਿਆ ਜਾਂਦਾ ਸੀ।

ਕਬੀਲੇ ਦੀ ਸ਼ਾਨ ਕਾਇਮ ਰੱਖਣਾ ਸਭ ਤੋਂ ਵੱਡਾ ਧਰਮ ਸੀ। ਕਬੀਲੇ ਦੀ ਸ਼ਾਨ ਲਈ ਜਾਨ ਵਾਰਨਾ ਚੰਗਾ ਸਮਝਿਆ ਜਾਂਦਾ ਸੀ। ਆਮ ਤੌਰ ਤੇ ਲੋਕ ਕਈ ਕਈ ਵਿਆਹ ਕਰਵਾਉਂਦੇ ਸਨ। ਪੁੱਤਰ ਜਨਮ ਨੂੰ ਚੰਗਾ ਸਮਝਿਆ ਜਾਂਦਾ ਸੀ। ਲੜਕੀ ਦਾ ਜਨਮ ਚੰਗਾ ਨਹੀਂ ਸਮਝਿਆ ਜਾਂਦਾ ਸੀ। ਕਈ ਵਾਰੀ ਜੰਮਦੀ ਲੜਕੀ ਨੂੰ ਹੀ ਮਾਰ ਦਿੰਦੇ ਸਨ ਕਿਉਂਕਿ ਲੜਕੀ ਦਾ ਜਨਮ ਸ਼ਰਮਨਾਕ ਗੱਲ ਖਿਆਲ ਕੀਤੀ ਜਾਂਦੀ ਸੀ। ਵੱਡਿਆਂ ਦਾ ਸਤਿਕਾਰ, ਬੱਚਿਆਂ ਨੂੰ ਪਿਆਰ ਤੇ ਗੁਲਾਮਾਂ ਦਾ ਰਿਵਾਜ ਉਥੋਂ ਦੇ ਮੁੱਖ ਰਿਵਾਜ ਸਨ। ਪਰਿਵਾਰ ਵਿਚ ਸਭ ਤੋਂ ਵੱਡਾ ਘਰ ਦਾ ਮਾਲਕ ਹੁੰਦਾ ਸੀ ਤੇ ਉਸ ਦੇ ਹੁਕਮ ਦੀ ਪਾਲਣਾ ਕਰਨਾ ਸਾਰੇ ਪਰਿਵਾਰ ਦਾ ਫਰਜ਼ ਸੀ। ਭਾਵੇਂ ਇਸਤਰੀ ਦਾ ਦਰਜਾ ਪੁਰਸ਼ਾਂ ਤੋਂ ਨੀਵਾਂ ਸੀ ਪ੍ਰੰਤੂ ਫਿਰ ਵੀ ਪਰਿਵਾਰ ਤੇ ਸਮਾਜ ਵਿਚ ਉਸ ਦਾ ਪੂਰਾ ਸਤਿਕਾਰ ਸੀ ਤੇ ਹਰ ਇਸਤਰੀ ਨੂੰ ਜੀਵਨ ਵਿਚ ਆਪਣੀ ਮਨ–ਮਰਜ਼ੀ ਦਾ ਕਿੱਤਾ ਚੁਣਨ ਦੀ ਖੁਲ੍ਹ ਸੀ। ਇਸੇ ਕਰਕੇ ਅਸੀਂ ਉਥੇ ਯੋਧਾ ਕਲਾਕਾਰ ਤੇ ਕਵਿਤਾਵਾਂ ਰਚਣ ਵਾਲੀਆਂ

ਇਸਤਰੀਆਂ ਵੇਖਦੇ ਹਾਂ। ਕਈ ਇਸਤਰੀਆਂ ਦੀਆਂ ਕਾਵਿ ਰਚਨਾਵਾਂ ਨੂੰ ਅੱਜ ਵੀ ਪਾਠਕਾਂ ਦੁਆਰਾ ਸੁਲਾਹਿਆ ਜਾਂਦਾ ਹੈ। ਅਰਬ ਦੇ ਵਾਸੀ ਦੋਸਤੀ ਤੇ ਦੁਸ਼ਮਣੀ ਦੋਹਾਂ ਪ੍ਰਤਿ ਸੁਹਿਰਦ ਸਨ। ਸ਼ਰਨ ਵਿਚ ਆਏ ਦੁਸ਼ਮਣ ਦੀ ਵੀ ਰੱਖਿਆ ਕਰਦੇ ਸਨ। ਪ੍ਰਾਹੁਣਚਾਰੀ ਵਿਚ ਇਨ੍ਹਾਂ ਦੀ ਕੋਈ ਮਿਸਾਲ ਨਹੀਂ। ਕਈ ਵਾਰ ਇਕ ਅਰਬ ਇਕ ਚੰਗਾ ਮੇਜ਼ਬਾਨ ਅਖਵਾਉਣ ਖਾਤਰ ਆਪਣੀਆਂ ਸਾਰੀਆਂ ਬੱਕਰੀਆਂ ਤੇ ਊਠ ਕੁਰਬਾਨ ਕਰ ਦਿੰਦਾ ਸੀ।

**ਧਾਰਮਿਕ ਦਸ਼ਾ**

ਅਰਬ ਭਾਵੇਂ ਸੰਸਾਰ ਤੋਂ ਕੱਟਿਆ ਰਿਹਾ ਪਰ ਫਿਰ ਵੀ ਧਾਰਮਿਕ ਸੂਝ ਤੋਂ ਖਾਲੀ ਨਹੀ ਸੀ ਤੇ ਇਥੋਂ ਦੇ ਲੋਕ ਬੁੱਤ ਪੂਜਾ ਰਾਹੀਂ ਆਪਣੀ ਧਾਰਮਿਕ ਭਾਵਨਾ ਪ੍ਰਗਟ ਕਰਦੇ ਸਨ। ਧਾਰਮਿਕ ਸਰਗਰਮੀਆਂ ਦਾ ਮੁਖ ਕੇਂਦਰ ਮੱਕਾ ਸੀ, ਜਿਥੇ ਕਾਅਬਾ ਨਾਂ ਦੀ ਇਕ ਮਸਜਿਦ ਵਿਚ 360 ਦੇਵਤਿਆਂ ਦੇ ਬੁੱਤ ਪਏ ਸਨ। ਬੁੱਤ ਪੂਜਾ ਤੋਂ ਇਲਾਵਾ ਅਰਬ ਵਾਸੀ ਰੂਹਾਂ ਅਤੇ ਭੂਤਨੀਆਂ ਵਿਚ ਵੀ ਵਿਸ਼ਵਾਸ਼ ਰੱਖਦੇ ਸਨ। ਭਾਵੇਂ ਅਰਬ ਵਾਸੀ ਰੂਹਾਂ, ਭੂਤਨੀਆਂ ਤੇ ਭੂਤਾਂ ਵਿਚ ਵਿਸ਼ਵਾਸ ਰਖਦੇ ਸਨ ਪਰ ਕੁਝ ਲੋਕਾਂ ਦਾ ਇਕ ਪ੍ਰਮਾਤਮਾ ਵਿਚ ਵਿਸ਼ਵਾਸ਼ ਸੀ, ਜਿਵੇਂ ਇਹਨਾਂ ਦਿਨਾਂ ਵਿਚ ਮੱਕੇ ਵਿਚ ਵਰਕਾਹ–ਬਿਨ–ਨਵੂਹੀ ਨਾਂ ਦਾ ਇਕ ਵਿਅਕਤੀ ਸੀ ਜਿਹੜਾ ਇਕ ਪ੍ਰਮਾਤਮਾ ਵਿਚ ਵਿਸ਼ਵਾਸ਼ ਦਾ ਹਾਮੀ ਸੀ ਤੇ ਕਿਹਾ ਜਾਂਦਾ ਹੈ ਕਿ ਉਸ ਨੂੰ ਯਹੂਦੀ ਅਤੇ ਈਸਾਈ ਧਰਮਾਂ ਸੰਬੰਧੀ ਵੀ ਜਾਣਕਾਰੀ ਸੀ ਤੇ ਉਸ ਨੇ ਪੁਰਾਣੇ ਨੇਮ (Old Testaments) ਦੇ ਕੁਝ ਹਿੱਸਿਆਂ ਦਾ ਅਨੁਵਾਦ ਵੀ ਕੀਤਾ ਸੀ। ਪਰ ਬਹੁਤੇ ਅਰਬ ਵਾਸੀ ਯਹੂਦੀ ਅਤੇ ਈਸਾਈ ਧਰਮਾਂ ਤੋਂ ਜਾਣੂ ਹੋਣ ਦੇ ਬਾਵਜੂਦ ਵੀ ਬਹੁਦੇਵਵਾਦ ਵਿਚ ਵਿਸ਼ਵਾਸ਼ ਰੱਖਦੇ ਸਨ। ਇਹਨਾਂ ਬੁਤਾਂ ਦੀਆਂ ਸ਼ਕਲਾਂ ਵੀ ਵੱਖ-ਵੱਖ ਸਨ। ਸਭ ਤੋਂ ਵੱਡਾ ਬੁਤ ਹਬਲਾ (ਹੁਬਲ) ਦਾ ਸੀ ਜਿਸ ਨੂੰ ਯੁੱਧ ਦਾ ਦੇਵਤਾ ਮੰਨਿਆ ਜਾਂਦਾ ਸੀ ਤੇ ਲੋਕ ਲੜਾਈ ਵਿਚ ਵਿਜੈ ਪ੍ਰਾਪਤ ਕਰਨ ਲਈ ਇਸ ਦੇ ਨਾਹਰੇ ਲਾਉਂਦੇ ਸਨ। ਮਦੀਨਾ ਉਸ ਸਮੇਂ ਉਪਜਾਊ ਥਾਂ ਸੀ। ਉਥੇ ਯਹੂਦੀ ਧਰਮ ਦਾ ਜ਼ੋਰ ਸੀ। ਜਦੋਂ ਅਰਬ ਦੀ ਅਜਿਹੀ ਦਸ਼ਾ ਸੀ ਤਦ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਅਰਬ ਵਿੱਚ ਹੋਇਆ।

ਸਿੱਟਾ : ਉਪਰੋਕਤ ਵੇਰਵੇ ਵਿੱਚ ਇਸਲਾਮ ਦੇ ਆਰੰਭ ਤੋਂ ਪਹਿਲਾਂ ਅਰਬ ਦੀ ਸਮਾਜਿਕ,ਰਾਜਨੀਤਕ ਅਤੇ ਧਾਰਮਿਕ ਦਸ਼ਾ ਦਾ ਵਰਣਨ ਮਿਲਦਾ ਹੈ।ਇਸ ਨਾਲ ਇਸਲਾਮ ਦੇ ਆਰੰਭ ਹੋਣ ਦੇ ਕਾਰਣਾਂ ਦਾ ਪਤਾ ਵੀ ਲਗਦਾ ਹੈ।
ਬੰਦਿਆਂ ਤੋਂ ਅਜਿਹੇ ਕੰਮ ਕਰਨ ਦੀ ਉਮੀਦ ਨਹੀਂ ਰੱਖਦਾ ਜਿਹੜੇ ਉਹ ਕਰ ਹੀ ਨਾ ਸਕਦੇ ਹੋਣ। ਇਹ ਪੰਜੇ ਅਸੂਲ ਅਸਾਨੀ ਨਾਲ ਨਿਭਾਏ ਜਾ ਸਕਦੇ ਹਨ। ਫਿਰ ਵੀ ਜੇ ਨਾ ਚਾਹੁੰਦਿਆਂ ਹੋਇਆਂ ਵਿਘਨ ਪੈ ਜਾਵੇ ਤਾਂ ਰੱਬ ਬਖਸ਼ਣਹਾਰ ਹੈ ਪਰ ਇਹ ਵਿਘਨ ਜਾਣ ਬੁਝ ਕੇ ਆਲਸ ਵਸ ਨਾ ਪਾਇਆ ਹੋਵੇ। ਰੱਬ ਜਾਣੀ ਜਾਣ ਹੈ। ਉਸ ਤੋਂ ਕੁਝ ਲੁਕਾਇਆ ਨਹੀਂ ਜਾ ਸਕਦਾ। ਉਸਨੂੰ ਪਤਾ ਹੈ ਕਿਥੇ ਮਨੁੱਖ ਬੇਵਸ ਹੈ, ਉਥੇ ਉਹ ਆਪ ਮਦਦਗਾਰ ਹੁੰਦਾ ਹੈ ਅਤੇ ਕਮੀਆਂ ਪੇਸ਼ੀਆਂ ਮਾਫ ਕਰਦਾ ਹੈ। ਅਗੋਂ ਲਈ ਦਲੇਰੀ ਤੇ ਵਿਸ਼ਵਾਸ ਪੈਦਾ ਕਰੋ। ਪਿਛਲਾ ਭੁੱਲੋ, ਸੱਚੇ ਮੋਮਿਨ ਬਣੋ। ਆਮੀਨ।

**ਪਾਠ ਨੰ : 2.2** **ਲੇਖਕ : ਡਾ. ਹਰਪਾਲ ਸਿੰਘ ਪੰਨ**

## ਪੈਗੰਬਰ ਮੁਹੰਮਦ ਦਾ ਜੀਵਨ ਤੇ ਸਿੱਖਿਆਵਾਂ

ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਵੱਡੇ ਵਡੇਰੇ ਹਜ਼ਰਤ ਇਬਰਾਮ ਦੇ ਬੰਸ ਵਿਚੋਂ ਸਨ। ਹਜ਼ਰਤ ਇਬਰਾਹਿਮ ਤੇ ਉਸ ਦੇ ਪੁੱਤਰ ਹਜ਼ਰਤ ਇਸਮਾਇਲ ਦੋਵੇਂ ਪਿਓ ਪੁੱਤਰਾਂ ਨੇ ਅਰਬ ਦੇ ਸਭ ਤੋਂ ਪੁਰਾਣੇ ਸ਼ਹਿਰ ਮੱਕੇ ਦੀ ਮੋੜ੍ਹੀ ਗੱਡੀ ਤੇ ਉਥੇ ਰੱਬ ਦਾ ਇਕ ਮੰਦਰ ਬਣਾਇਆ ਤੇ ਨਾਂ ਕਾਅਬਾ ਸ਼ਰੀਫ ਰੱਖਿਆ। ਹਜ਼ਰਤ ਇਸਮਾਇਲ ਦੇ ਬਾਰਾਂ ਪੁੱਤਰਾਂ ਵਿਚੋਂ ਇਕ ਦਾ ਨਾਂ ਅਦਨਾਨ ਹੋਇਆ। ਅਦਨਾਨ ਤੋਂ ਕੈਦਾਰ ਤੇ ਕੈਦਾਰ ਦੀ ਸੰਤਾਨ ਵਿਚੋਂ ਅਬਦ ਮਨਾਫ, ਹਾਸ਼ਮ, ਅਬਦੁਲ ਮੁਤਲਿਬ, ਅਬਦੁਲਾ ਤੇ ਮੁਹੰਮਦ ਸਾਹਿਬ ਹੋਏ ਤੇ ਇਹਨਾਂ ਦਾ ਕਬੀਲਾ ਕੁਰੈਸ਼ ਦੇ ਨਾਂ ਤੋਂ ਪ੍ਰਸਿੱਧ ਸੀ ਤੇ ਇਸ ਦਾ ਮੱਕੇ ਵਿੱਚ ਬੋਲਬਾਲਾ ਸੀ ਤੇ ਇਸ ਦੇ ਬਹੁਤੇ ਲੋਕ ਵਪਾਰੀ ਸਨ। ਮੁਹੰਮਦ ਸਾਹਿਬ ਦੇ ਪਿਤਾ ਵੀ ਇਕ ਛੋਟੇ ਵਪਾਰੀ ਸਨ।

ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਪਿਤਾ ਅਬਦੁਲਾ ਦੀ ਮੌਤ ਤੋਂ ਮਹੀਨੇ ਪਿੱਛੋਂ ਮਾਤਾ ਆਮੀਨਾ ਜੋ ਮਦੀਨੇ ਦੀ ਬਨੀ ਜੁਹਰਾ ਕਬੀਲੇ ਨਾਲ ਸਬੰਧ ਰਖਦੀ ਸੀ, ਦੀ ਪਵਿੱਤਰ ਕੁਖੋਂ 20 ਅਗਸਤ 570 ਈ. ਵਿਚ ਹੋਇਆ। ਬਾਬੇ ਹਜ਼ਰਤ ਮੁਤਲਿਬ ਨੇ ਬੱਚੇ ਦਾ ਨਾਂ ਮੁਹੰਮਦ ਰੱਖਿਆ। ਮੁਹੰਮਦ ਸ਼ਬਦ ਦਾ ਅਰਥ ਹੈ ਜਿਸ ਦੀ ਬਹੁਤ ਤਾਰੀਫ਼ ਕੀਤੀ ਗਈ ਹੋਵੇ। ਮੁਹੰਮਦ ਸਾਹਿਬ ਦੇ ਜਨਮ ਵੇਲੇ ਬਾਬਾ ਹਜ਼ਰਤ ਮੁਤਲਿਬ ਕਾਅਬਾ ਸ਼ਰੀਫ ਵਿਚ ਸਨ। ਜਦੋਂ ਪੋਤਰੇ ਦੇ ਜਨਮ ਦੀ ਖਬਰ ਮਿਲੀ ਤਾਂ ਬਹੁਤ ਪ੍ਰਸੰਨ ਹੋਏ ਤੇ ਆਮੀਨਾ ਦੇ ਘਰ ਵੱਲ ਨੱਠ ਤੁਰੇ ਤਾਂ ਕਿ ਪੁੱਤਰ ਅਬਦੁਲਾ ਦੀ ਨਿਸ਼ਾਨੀ ਦੇਖ ਸਕਣ।

ਛੇਵੀਂ ਸਦੀ ਵਿਚ ਅਰਬਾਂ ਵਿਚ ਇਹ ਰਿਵਾਜ ਸੀ ਕਿ ਬਾਲ ਨੂੰ ਢਾਈ ਜਾਂ ਪੰਜ ਸਾਲ ਤੱਕ ਘਰ ਨਹੀਂ ਸਨ ਰਖਦੇ। ਦਾਈਆਂ ਜਾਂ ਚੁੰਘਾਵੀਆਂ ਔਰਤਾਂ ਬਾਲਕਾਂ ਨੂੰ ਲੈ ਜਾਂਦੀਆ ਸਨ ਤੇ ਈਮਾਨਦਾਰੀ ਨਾਲ ਬਗਾਨੇ ਬਾਲਕਾਂ ਨੂੰ ਆਪਣੇ ਬਾਲਕ ਸਮਝ ਕੇ ਪਾਲਦੀਆ ਸਨ। ਇਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਨੂੰ ਹਲੀਮਾ ਸ਼ਾਅਦੀਆ ਨੇ ਪਾਲਿਆ। ਦੋ ਸਾਲ ਹਲੀਮਾ ਕੋਲ ਰਹਿਣ ਪਿਛੋਂ ਜਦੋਂ ਉਹ ਮੁਹੰਮਦ ਸਾਹਿਬ ਨੂੰ ਵਾਪਸ ਮੱਕੇ ਛਡਣ ਆਈ ਤਾਂ ਉਹਨਾਂ ਦਿਨਾਂ ਵਿਚ ਮੱਕੇ ਰੱਖਣਾ ਚੰਗਾ ਨਾ ਸਮਝਿਆ ਤੇ ਹਲੀਮਾ ਨੂੰ ਆਖ ਦਿਤਾ ਕਿ ਉਹ ਦੋ ਸਾਲ ਹੋਰ ਬੱਚੇ ਨੂੰ ਸਾਂਭੇ। ਇਸ ਤਰ੍ਹਾਂ ਮੁਹੰਮਦ ਸਾਹਿਬ ਚਾਰ ਸਾਲ ਹਲੀਮਾ ਕੋਲ ਰਹੇ। ਇਹ ਚਾਰ ਸਾਲ ਉਹ ਹਾਣੀਆਂ ਵਿੱਚ ਬਾਕੀ ਬੱਚਿਆਂ ਨਾਲ ਖੇਡਦੇ। ਬੱਚਿਆਂ ਨਾਲ ਦੂਰ-ਦੂਰ ਚਲੇ ਜਾਂਦੇ ਤੇ ਭੇਡਾਂ, ਬੱਕਰੀਆਂ ਚਾਰਦੇ। ਇਸ ਤਰ੍ਹਾਂ ਚਾਰ ਸਾਲ ਖੁਲ੍ਹੀ ਹਵਾ ਵਿਚ ਬਤੀਤ ਕਰਨ ਮਗਰੋਂ ਮੁਹੰਮਦ ਸਾਹਿਬ ਆਪਣੀ ਮਾਤਾ ਕੋਲ ਪੁੱਜੇ। ਜਦੋਂ ਉਹ ਛੇ ਵਰ੍ਹਿਆਂ ਦੇ ਹੋਏ ਤਾਂ ਉਹਨਾਂ ਦੀ ਮਾਤਾ ਆਮਿਨਾਂ ਦੀ ਵੀ ਮੌਤ ਹੋ ਗਈ ਤੇ ਬੱਚੇ ਦੇ ਪਾਲਣ ਪੋਸ਼ਣ ਦਾ ਸਾਰਾ ਕੰਮ ਬਾਬੇ ਤੇ ਆ ਪਿਆ ਪਰ ਕੁਦਰਤ ਨੂੰ ਇਹ ਵੀ ਮਨਜ਼ੂਰ ਨਹੀਂ ਸੀ ਤੇ ਛੇਤੀ ਹੀ ਬਾਬਾ ਵੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਤੇ ਮੁਹੰਮਦ ਸਾਹਿਬ ਦੀ ਦੇਖ ਭਾਲ ਚਾਚਾ ਅਬੂ ਤਾਲਿਬ ਕਰਨ ਲੱਗੇ। ਅਬੂ ਤਾਲਿਬ ਨੇ ਮੁਹੰਮਦ ਸਾਹਿਬ ਦੇ ਪਾਲਣ ਪੋਸ਼ਣ ਵਲ ਪੂਰਾ ਧਿਆਨ ਦਿੱਤਾ ਤੇ ਉਹਨਾਂ ਨੂੰ ਖੁਸ਼ ਰੱਖਣ ਲਈ ਹਰ ਯਤਨ ਕਰਦੇ ਕਿਉਂਕਿ ਉਹ ਸਮਝਦੇ ਸਨ ਕਿ ਮੁਹੰਮਦ ਸਾਹਿਬ ਉਹਨਾਂ ਕੋਲ ਇਕ ਰੱਬੀ ਅਮਾਨਤ ਹੈ ਤੇ ਅਮਾਨਤ ਨੂੰ ਸਾਂਭ ਕੇ ਰੱਖਣਾ ਹਰ ਧਰਮੀ ਬੰਦੇ ਦਾ ਪਹਿਲਾ ਫਰਜ਼ ਹੈ, ਤੇ ਦੂਜੇ ਚਾਚਾ ਹੋਣ ਦੇ ਨਾਤੇ ਮੁਹੰਮਦ ਸਾਹਿਬ ਨੂੰ ਪਾਲਣਾ ਉਹਨਾਂ ਦਾ ਫਰਜ਼ ਸੀ, ਜਿਸ ਨੂੰ ਉਸ ਨੇ ਪੂਰਾ ਕੀਤਾ। ਮੁਹੰਮਦ ਸਾਹਿਬ ਦੇ ਸ਼ਾਂਤ ਸੁਭਾ ਬਾਰੇ ਇਹ ਪ੍ਰਸਿੱਧ ਹੈ ਕਿ ਜਦੋਂ ਚਾਚਾ ਅਬੂ ਤਾਲਿਬ ਦੇ ਬੱਚੇ ਬਹੁਤਾ ਹਿੱਸਾ ਮੰਗਣ ਲਈ ਰੌਲਾ ਪਾਉਂਦੇ ਤਾਂ ਆਪ ਚੁਪ-ਚਾਪ ਬੈਠੇ ਦੇਖਦੇ ਰਹਿੰਦੇ। ''ਮੈਨੂੰ ਹੋਰ ਦਿਓ'' ਦਾ ਸ਼ਬਦ ਕਦੇ ਉਹਨਾਂ ਦੀ ਪਵਿੱਤਰ ਜ਼ੁਬਾਨ ਤੋਂ ਨਹੀਂ ਸੀ ਨਿਕਲਿਆ। ਅਬੂ ਤਾਲਿਬ ਵਪਾਰੀ ਸੀ ਤੇ ਮੁਹੰਮਦ ਸਾਹਿਬ ਨੂੰ ਉਹਨਾਂ ਨਾਲ ਸੀਰੀਆ ਦੀ ਯਾਤਰਾ ਕਰਨ ਦਾ ਅਵਸਰ ਮਿਲਿਆ ਤੇ ਅਬੂ ਤਾਲਿਬ ਨੇ ਮੁਹੰਮਦ ਸਾਹਿਬ ਨੂੰ ਵਪਾਰ ਦੇ ਭੇਦ ਸਮਝਾਏ।

ਮੁਹੰਮਦ ਸਾਹਿਬ ਮੱਕੇ ਦੇ ਵਾਤਾਵਰਣ ਵਿੱਚ ਵੱਡੇ ਹੋਏ। ਭੇਡਾਂ ਚਾਰਦੇ, ਖੇਡਾਂ ਵਿੱਚ ਦਿਲਚਸਪੀ ਲੈਂਦੇ, ਤੇ ਸਮਾਜਿਕ ਕੰਮਾਂ ਵਿਚ ਸਰਗਰਮੀ ਨਾਲ ਭਾਗ ਲੈਂਦੇ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਦੋ ਕਬੀਲਿਆਂ ਵਿਚ ਹੋਣ

ਵਾਲੀ ਲੜਾਈ ਨੂੰ ਆਪਣੀ ਅਕਲ ਤੇ ਬੁੱਧੀ ਨਾਲ ਹੱਲ ਕਰਕੇ ਹਲਫ-ਅਲ-ਫਦੂਲ (Half-ul-Fadul) ਨਾਂ ਦੀ ਸੰਧੀ ਕਰਵਾਈ। ਹੁਣ ਮੁਹੰਮਦ ਸਾਹਿਬ ਮੱਕੇ ਵਿਚ ਮਿਹਨਤ ਤੇ ਈਮਾਨਦਾਰੀ ਦੇ ਗੁਣ ਕਾਰਨ ਮਸ਼ਹੂਰ ਹੋ ਚੁੱਕੇ ਸਨ। ਇਕ ਦਿਨ ਉਹਨਾਂ ਨੂੰ ਇਕ ਅਮੀਰ ਵਿਧਵਾ ਔਰਤ ਖਦੀਜਾ ਦਾ ਸੁਨੇਹਾ ਮਿਲਿਆ ਕਿ ਉਹ ਉਸ ਨੂੰ ਮਿਲਣ। ਖਦੀਜਾ ਨੇ ਮੁਹੰਮਦ ਸਾਹਿਬ ਨੂੰ ਉਸ ਦੀਆਂ ਵਸਤਾਂ ਸੀਰੀਆ ਪੁਚਾਉਣ ਤੇ ਵੇਚਣ ਦੇ ਕੰਮ ਵਿਚ ਮਦਦ ਕਰਨ ਲਈ ਕਿਹਾ ਤੇ ਮੁਹੰਮਦ ਸਾਹਿਬ ਨੂੰ ਆਮ ਨਾਲੋਂ ਦੂਣੀ ਮਜ਼ਦੂਰੀ ਦੇਣ ਦਾ ਵਾਇਦਾ ਕੀਤਾ। ਮੁਹੰਮਦ ਸਾਹਿਬ ਨੂੰ ਤਜਵੀਜ਼ ਪਸੰਦ ਆ ਗਈ ਤੇ ਉਹ ਸੀਰੀਆ ਚਲੇ ਗਏ। ਇਹ ਸਫ਼ਰ ਲਾਹੇਵੰਦ ਸਾਬਿਤ ਹੋਇਆ ਤੇ ਉਹ ਬਹੁਤ ਪੈਸਾ ਕਮਾ ਕੇ ਵਾਪਸ ਆਏ। ਖਦੀਜਾ ਦਾ ਇਕ ਨੌਕਰ ਵੀ ਉਹਨਾਂ ਨਾਲ ਸੀ। ਉਸ ਨੇ ਮੁਹੰਮਦ ਸਾਹਿਬ ਦੇ ਗੁਣਾਂ ਦੀ ਤਾਰੀਫ ਖਦੀਜਾ ਕੋਲ ਕੀਤੀ। ਖਦੀਜਾ ਮੁਹੰਮਦ ਸਾਹਿਬ ਤੋਂ ਬਹੁਤ ਪ੍ਰਭਾਵਿਤ ਹੋਈ ਤੇ ਉਸਨੇ ਉਸ ਨਾਲ ਵਿਆਹ ਕਰਵਾਉਣ ਦਾ ਮਨ ਬਣਾ ਲਿਆ। ਨਿਯਤ ਦਿਨ ਤੇ ਮੁਹੰਮਦ ਸਾਹਿਬ ਆਪਣੇ ਆਦਮੀਆਂ ਸਮੇਤ ਖਦੀਜਾ ਦੇ ਘਰ ਗਏ ਤੇ ਵਿਆਹ ਹੋ ਗਿਆ। ਮੁਹੰਮਦ ਸਾਹਿਬ ਦੀ ਉਮਰ ਉਸ ਵੇਲੇ 25 ਸਾਲ ਤੇ ਖਦੀਜਾ ਦੀ ਉਮਰ 40 ਸਾਲ ਦੀ ਸੀ। ਇਹ ਵਿਆਹ ਕਾਮਯਾਬ ਰਿਹਾ ਤੇ ਦੋਹਾਂ ਨੇ ਸੱਚਾ ਦੰਪਤੀ ਜੀਵਨ ਬਤੀਤ ਕੀਤਾ ਤੇ ਆਪ ਨੇ 15 ਸਾਲ ਗ੍ਰਹਿਸਤੀ ਜੀਵਨ ਬੜੀ ਜ਼ਿੰਮੇਵਾਰੀ ਨਾਲ ਨਿਭਾਇਆ।

ਮੁਹੰਮਦ ਸਾਹਿਬ ਸੁਭਾਅ ਦੇ ਬੜੇ ਗੰਭੀਰ ਸਨ। ਉਹ ਦੂਰ ਦੁਰਾਡੇ ਏਕਾਂਤ ਥਾਵਾਂ ਤੇ ਚਲੇ ਜਾਂਦੇ। ਧਾਰਮਿਕ ਪ੍ਰਸ਼ਨਾਂ ਤੇ ਵਿਚਾਰ ਕਰਦੇ। ਉਹ ਅਰਬਾਂ ਦੀ ਧਾਰਮਿਕ ਅਤੇ ਸਮਾਜਿਕ ਦਸ਼ਾ ਤੋਂ ਚਿੰਤਤ ਸਨ। ਉਹ ਨਹੀਂ ਸਨ ਚਾਹੁੰਦੇ ਕਿ ਅਰਬ ਵਾਸੀ ਬੁਤਾਂ ਦੀ ਪੂਜਾ ਕਰਨ, ਭੂਤਾਂ, ਚੁੜੇਲਾਂ ਵਿਚ ਵਿਸ਼ਵਾਸ਼ ਰੱਖਣ। ਉਹ ਅਰਬ ਵਿਚ ਡਾਕੂਆਂ, ਠੱਗਾਂ ਤੇ ਲੁਟੇਰਿਆਂ ਦੀ ਹੋਂਦ ਤੋਂ ਬਹੁਤ ਦੁਖੀ ਸਨ। ਆਪ ਨਹੀਂ ਸਨ ਚਾਹੁੰਦੇ ਕਿ ਗੁਲਾਮਾਂ ਨਾਲ ਪਸ਼ੂਆਂ ਵਾਲਾ ਵਰਤਾਉ ਹੋਵੇ। ਆਪ ਅਰਬ ਵਿਚੋਂ ਅਗਿਆਨਤਾ, ਮੂਰਖਤਾ, ਨਾਸਤਕਤਾ, ਵਹਿਸ਼ੀਪੁਣੇ, ਖੁਦੀ ਤੇ ਹੰਕਾਰ ਨੂੰ ਸਦਾ ਲਈ ਮੇਟਣਾ ਚਾਹੁੰਦੇ ਸਨ। ਧਾਰਮਿਕ ਪ੍ਰਸ਼ਨਾਂ ਵਿਚ ਪ੍ਰਮਾਤਮਾ ਕੀ ਹੈ ? ਮਨੁੱਖ ਕਿਥੋਂ ਆਇਆ ਹੈ ? ਆਦਿ ਪ੍ਰਸ਼ਨ ਉਹ ਆਪਣੇ ਆਪ ਨਾਲ ਕਰਦੇ ਤੇ ਬਹੁਤ ਦੇਰ ਇਹਨਾਂ ਤੇ ਵਿਚਾਰ ਕਰਦੇ ਤੇ ''ਹਿਰਾ'' ਨਾਂ ਦੀ ਪਹਾੜੀ ਗੁਫਾ ਹਰ ਰੋਜ਼ ਜਾਂਦੇ ਤੇ ਬਹੁਤ ਦੇਰ ਤਕ ਇਕਾਗਰ ਚਿੱਤ ਉਸ ਦਾ ਧਿਆਨ ਧਰਦੇ। ਇਹ ''ਹਿਰਾ'' ਨਾਂ ਦੀ ਪਹਾੜੀ ਗੁਫਾ ਮੱਕੇ ਤੋਂ ਤਿੰਨ ਮੀਲ ਦੂਰ ਸੀ। ਪ੍ਰਮਾਤਮਾ ਨੇ ਮੁਹੰਮਦ ਸਾਹਿਬ ਦੇ ਦਿਲ ਦੀ ਆਵਾਜ਼ ਸੁਣੀ ਤੇ ਕਈ ਚਮਤਕਾਰ ਉਨ੍ਹਾਂ ਅੱਗੇ ਪ੍ਰਗਟ ਕੀਤੇ। ਇਕ ਦਿਨ ਆਪ ਗੁਫਾ ਵਿਚ ਬੈਠੇ ਸਨ ਕਿ ਰੱਬ ਵਲੋਂ ਇਕ ਫਰਿਸ਼ਤਾ ਆ ਕੇ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋ ਗਿਆ ਤੇ ਉਸ ਨੇ ਮੁਹੰਮਦ ਸਾਹਿਬ ਨੂੰ ਕਿਹਾ ਕਿ ''ਪੜ੍ਹ'' ਪਰ ਮੁਹੰਮਦ ਸਾਹਿਬ ਨੇ ਕਿਹਾ ਕਿ ਮੈਂ ਪੜ੍ਹਨ ਨਹੀਂ ਜਾਣਦਾ। ਇਸ ਤੇ ਫ਼ਰਿਸ਼ਤੇ ਨੇ ਮੁੜ੍ਹ ਕਿਹਾ ''ਪੜ੍ਹ ਉਸ ਰੱਬ ਦਾ ਨਾਂ ਲੈ ਕੇ ਜਿਸਨੇ ਵਿਸ਼ਵ ਦੀ ਸਾਜਨਾ ਕੀਤੀ ਹੈ।'' ਇਹ ਪਹਿਲੀ ਗੈਬੀ ਆਵਾਜ਼ ਸੀ ਜੋ ਮੁਹੰਮਦ ਸਾਹਿਬ ਨੇ ਸੁਣੀ। ਇਸ ਸੰਦੇਸ਼ ਨੂੰ ਹੀ ਇਲਹਾਮ (Revelation) ਦਾ ਨਾਂ ਦਿੱਤਾ ਗਿਆ ਹੈ। ਜਦੋਂ ਇਹ ਖਬਰ ਲੈ ਕੇ ਮੁਹੰਮਦ ਸਾਹਿਬ ਘਰ ਆਏ ਤੇ ਆਪਣੀ ਪਤਨੀ ਖਦੀਜਾ ਨੂੰ ਦਸਿਆ, ਉਹ ਡਰ ਨਾਲ ਕੰਬ ਰਹੇ ਸਨ। ਖਦੀਜਾ ਉਸ ਨੂੰ ਇਕ ਬਜ਼ੁਰਗ ਵਿਦਵਾਨ 'ਵਰਕਹ-ਬਿਨ-ਨਫਵੀ' (Warkah-bin-Nafvi) ਨਾਂ ਦੇ ਵਿਅਕਤੀ ਕੋਲ ਲੈ ਗਈ, ਜਿਸ ਨੂੰ ਧਰਮਾਂ ਬਾਰੇ ਬੜੀ ਸਮਝ ਸੀ। ਮੁਹੰਮਦ ਸਾਹਿਬ ਦਾ ਹਾਲ ਸੁਣਨ ਮਗਰੋਂ ਉਸ ਨੇ ਕਿਹਾ ਇਹ 'ਵਹੀ' ਹੈ ਜੋ ਮੂਸਾ ਨੂੰ ਪ੍ਰਾਪਤ ਹੋਈ ਸੀ। ਕਾਸ਼ ਮੈਂ ਉਦੋਂ ਜਵਾਨ ਹੁੰਦਾ, ਉਦੋਂ ਜਿਉਂਦਾ ਹੁੰਦਾ, ਜਦੋਂ ਲੋਕ ਤੁਹਾਨੂੰ ਧੱਕੇ ਦੇ ਕੇ ਬਾਹਰ ਕੱਢ ਦੇਣਗੇ, ਕਿਉਂਕਿ ਨਵੇਂ ਵਿਚਾਰਾਂ ਵਾਲੇ ਨੂੰ ਪਹਿਲਾਂ ਦੁਸ਼ਮਣ ਹੀ ਸਮਝਿਆ ਜਾਂਦਾ ਹੈ।

ਵਰਕਾਹ ਨੂੰ ਮਿਲਣ ਪਿਛੋਂ ਮੁਹੰਮਦ ਸਾਹਿਬ ਘਰ ਮੁੜ ਆਏ ਤੇ ਲੋਕਾਂ ਨੂੰ ਉਹ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ ਜੋ ਉਹਨਾਂ ਨੇ ਫਰਿਸ਼ਤੇ ਤੋਂ ਸਿੱਖੀ ਸੀ। ਉਨ੍ਹਾਂ ਨੇ ਆਪਣਾ ਪਰਚਾਰ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਤੇ ਨਜ਼ਦੀਕੀ ਰਿਸ਼ਤੇਦਾਰਾਂ ਵਿਚ ਕੀਤਾ। ਮੁਹੰਮਦ ਸਾਹਿਬ ਨੂੰ ਸਭ ਤੋਂ ਪਹਿਲਾਂ ਉਨ੍ਹਾਂ ਦੀ ਧਰਮ ਪਤਨੀ ਖਦੀਜਾ ਨੇ ਅੱਲ੍ਹਾ ਦਾ ਰਸੂਲ ਮੰਨਿਆ, ਉਸ ਪਿਛੋਂ ਗੁਲਾਮ ਜੈਦ ਨੇ ਜਿਸ ਨੂੰ ਮੁਹੰਮਦ ਸਾਹਿਬ ਨੇ ਅਜ਼ਾਦ ਕਰ ਦਿੱਤਾ ਸੀ। ਚਚੇਰਾ ਭਰਾ ਅਲੀ, ਦੋਸਤ ਅੱਬੂ ਬਕਰ ਆਦਿ ਨੇ ਇਸਲਾਮ ਧਾਰਨ ਕੀਤਾ। ਅੱਬੂ ਬਕਰ ਮੱਕੇ ਦੇ ਮੰਨੇ ਪ੍ਰਮੰਨੇ ਧਨਾਢ ਸਨ ਤੇ ਮੱਕੇ ਵਿਚ ਆਪ ਦਾ ਚੋਖਾ ਰਸੂਖ ਸੀ।

ਮੁਹੰਮਦ ਸਾਹਿਬ ਦੀ ਸਿੱਖਿਆ ਸ਼ੁਰ-ਸ਼ੁਰੂ ਵਿਚ ਉਹਨਾਂ ਦੇ ਹਮਾਇਤੀਆਂ ਵਾਸਤੇ ਹੁੰਦੀ ਸੀ ਪਰ ਹੌਲੀ-ਹੌਲੀ ਇਹ ਦਾਇਰਾ ਵੱਡਾ ਹੁੰਦਾ ਗਿਆ ਅਤੇ ਅਗਲੇ ਕੁਝ ਸਾਲਾਂ ਵਿਚ 30 ਵਿਅਕਤੀਆਂ ਨੂੰ ਆਪਣੇ ਮਤ ਦੇ ਪੈਰੋਕਾਰ

ਬਣਾਇਆ। ਭਾਵੇਂ ਇਹ ਗਿਣਤੀ ਮੱਕਾ ਵਾਸੀਆਂ ਲਈ ਕਿਸੇ ਕਿਸਮ ਦੀ ਚਿੰਤਾ ਦਾ ਕਾਰਣ ਨਹੀਂ ਸੀ ਪਰੰਤੂ ਉਹਨਾਂ ਨੇ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਤੇ ਨਿਕਲਣ ਵਾਲੇ ਨਤੀਜਿਆਂ ਨੂੰ ਮਹਿਸੂਸ ਕਰ ਲਿਆ ਸੀ। ਅਰਬ ਵਾਸੀ ਜੋ ਪੁਰਾਣੇ ਵਿਚਾਰਾਂ ਦੇ ਅਤੇ ਬੁੱਤ ਪੂਜਾ ਵਿਚ ਵਿਸ਼ਵਾਸ਼ ਰਖਦੇ ਸਨ, ਨੂੰ ਬੁਤ ਪੂਜਾ ਤੋਂ ਸੁਤੰਤਰ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਲੋਕਾਂ ਨੇ ਵੀ ਸਮਝ ਲਿਆ ਸੀ ਕਿ ਨਵਾਂ ਧਰਮ ਉਹਨਾਂ ਦੇ ਵਿਸ਼ਵਾਸ਼ਾਂ ਨੂੰ ਹਾਨੀਕਾਰਕ ਸੱਟ ਮਾਰੇਗਾ ਤੇ ਉਹਨਾਂ ਦੀ ਆਰਥਿਕ ਤੇ ਰਾਜਨੀਤਿਕ ਸ਼ਕਤੀ ਲਈ ਵੀ ਹਾਨੀਕਾਰਕ ਸਾਬਤ ਹੋਵੇਗਾ। ਇਸ ਤੇ ਰਾਜਕਰਤਾ ਤੇ ਪੁਜਾਰੀ ਸ਼ਰੇਣੀ ਬਹੁਤ ਚਿੰਤਾਤੁਰ ਹੋਈ ਤੇ ਖੁਲ੍ਹੇਆਮ ਮੁਹੰਮਦ ਸਾਹਿਬ ਦੀ ਵਿਰੋਧਤਾ ਕਰਨ ਲੱਗੇ। ਪਰ ਮੁਹੰਮਦ ਸਾਹਿਬ ਨੇ ਇਸਲਾਮ ਦੇ ਪ੍ਰਚਾਰ ਲਈ ਅਸਹਿ ਤੇ ਅਕਹਿ ਖਤਰਿਆਂ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ ਸੀ।

ਇਕ ਦਿਨ ਜਦੋਂ ਕਾਅਬੇ ਵਿਚ ਬਾਹਰ ਤੋਂ ਆਏ ਯਾਤਰੂਆਂ ਤੇ ਮੱਕਾ ਵਾਸੀਆਂ ਦੀ ਚੋਖੀ ਭੀੜ ਸੀ ਤੇ ਲੋਕ ਬੁਤ ਪੂਜਾ ਵਿਚ ਰੁਝੇ ਹੋਏ ਸਨ ਆਪ ਨੇ ਇਕੱਤਰ ਲੋਕਾਂ ਸਾਹਮਣੇ ਨਵੇਂ ਧਰਮ ਦਾ ਐਲਾਨ ਕਰ ਦਿੱਤਾ ਤੇ ਕੁਰਾਨ ਸ਼ਰੀਫ ਦੀਆਂ ਕੁਝ ਆਇਤਾ ਉਚਾਰੀਆਂ। ਇਸ ਪ੍ਰਚਾਰ ਵਿਰੁੱਧ ਸਰੋਤਿਆਂ ਵਿਚੋਂ ਕਈਆਂ ਨੇ ਬਹੁਤ ਰੋਸ ਕੀਤਾ ਤੇ ਮੁਹੰਮਦ ਸਾਹਿਬ ਦੇ ਦੁਸ਼ਮਣ ਬਣ ਗਏ। ਇਸ ਪਿੱਛੋਂ ਮੁਹੰਮਦ ਸਾਹਿਬ ਨੇ ਮੱਕੇ ਦੇ ਲੋਕਾਂ ਵਿਚ ਖੁਲਮ-ਖੁਲ੍ਹਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦੇ ਮਿੱਠੇ ਬੋਲਾਂ ਨੇ ਲੋਕਾਂ ਤੇ ਜਾਦੂ ਜਿਹਾ ਅਸਰ ਕੀਤਾ। ਮੁਹੰਮਦ ਸਾਹਿਬ ਨੇ ਬੜੇ ਸਬਰ ਤੋਂ ਕੰਮ ਲਿਆ। ਉਹਨਾਂ ਦੇ ਵਿਰੋਧੀਆਂ ਦਾ ਇਕ ਗਰੁੱਪ ਉਹਨਾਂ ਦੇ ਚਾਚਾ ਅੱਬੂ ਤਾਲਿਬ ਨੂੰ ਮਿਲਿਆ ਤੇ ਅਰਬ ਦੀ ਇੱਜ਼ਤ ਦਾ ਵਾਸਤਾ ਪਾ ਕੇ ਬੇਨਤੀ ਕੀਤੀ ਕਿ ਉਹ ਮੁਹੰਮਦ ਸਾਹਿਬ ਨੂੰ ਨਵੇਂ ਧਰਮ ਦਾ ਪ੍ਰਚਾਰ ਨਾ ਕਰਨ ਲਈ ਪ੍ਰੇਰਣ, ਪ੍ਰੰਤੂ ਪੈਗੰਬਰ ਕਿਸੇ ਤਰ੍ਹਾਂ ਵੀ ਪ੍ਰੇਰਿਆ ਨਾ ਜਾ ਸਕਿਆ ਸਗੋਂ ਉਹਨਾਂ ਨੇ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਵਿਰੋਧੀ ਕੁਰੈਸ਼ਾਂ ਨੇ ਮੁਹੰਮਦ ਸਾਹਿਬ ਨੂੰ ਕਈ ਕਿਸਮ ਦੇ ਲਾਲਚ ਦੇਣੇ ਚਾਹੇ ਪਰ ਇਹਨਾਂ ਦਾ ਪੈਗੰਬਰ ਤੇ ਕੋਈ ਅਸਰ ਨਾ ਹੋਇਆ। ਇਥੋਂ ਮੁਹੰਮਦ ਸਾਹਿਬ ਇਕ ਹੋਰ ਸ਼ਹਿਰ ਤ੍ਰਾਇਫ (Traif) ਗਏ ਤੇ ਲੋਕਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ। ਉਥੇ ਉਹਨਾਂ ਨਾਲ ਕਠੋਰ ਵਿਵਹਾਰ ਹੋਇਆ ਤੇ ਆਪ ਨੂੰ ਕਈ ਪ੍ਰਕਾਰ ਦੇ ਦੁੱਖ ਉਠਾਉਣੇ ਪਏ। ਉਹ ਨਿਰਾਸ਼ ਹੋ ਕੇ ਵਾਪਸ ਪਰਤ ਆਏ। ਮੁਹੰਮਦ ਸਾਹਿਬ ਨਾਲ ਹੀ ਨਹੀਂ ਸਗੋਂ ਉਹਨਾਂ ਦੇ ਪੈਰੋਕਾਰਾਂ ਤੇ ਵੀ ਜ਼ੁਲਮ ਤੇ ਭੈੜੇ ਵਿਵਹਾਰ ਦੀਆਂ ਕਈ ਘਟਨਾਵਾਂ ਦਾ ਵਰਨਣ ਆਉਂਦਾ ਹੈ। ਪਰ ਆਪ ਨੇ ਤੇ ਆਪ ਦੇ ਪੈਰੋਕਾਰਾਂ ਨੇ ਇਹ ਸਭ ਕੁੱਝ ਬੜੇ ਸਬਰ ਸੰਤੋਖ ਨਾਲ ਸਹਿਣ ਕੀਤਾ।

ਮੱਕਾ ਵਾਸੀਆਂ ਨੇ ਮੁਹੰਮਦ ਸਾਹਿਬ ਨੂੰ ਕਤਲ ਕਰਨ ਦੀ ਯੋਜਨਾ ਬਣਾਈ। ਜਦੋਂ ਸਾਰੀ ਯੋਜਨਾ ਮੁਕੰਮਲ ਹੋ ਗਈ ਤਾਂ ਮੁਹੰਮਦ ਸਾਹਿਬ ਬਚਕੇ ਮਦੀਨੇ ਚਲੇ ਗਏ। ਮੱਕਾ ਵਾਸੀਆਂ ਨੇ ਉਹਨਾਂ ਨੂੰ ਜਿਉਂਦਾ ਜਾਂ ਮੁਰਦਾ ਫੜਨ ਲਈ 100 ਊਠਾਂ ਦਾ ਇਨਾਮ ਰੱਖਿਆ ਸੀ। ਭਾਵੇਂ ਇਸ ਤੋਂ ਪਹਿਲਾਂ ਵੀ ਮੁਹੰਮਦ ਸਾਹਿਬ ਦੇ ਮੱਕਾ ਛੱਡਣ ਦੀ ਘਟਨਾ ਦਾ ਵਰਣਨ ਆਉਂਦਾ ਹੈ। ਇਹ ਪਰਵਾਸ (Migration) ਉਹਨਾਂ ਦੀ ਪੈਗੰਬਰੀ ਦੇ ਤੇਰ੍ਹਵੇਂ ਸਾਲ ਹੋਇਆ। ਮਦੀਨੇ ਪਹੁੰਚਣ ਤੇ ਮੁਹੰਮਦ ਸਾਹਿਬ ਦਾ ਬਹੁਤ ਸੁਆਗਤ ਕੀਤਾ ਗਿਆ ਅਤੇ ਉਥੇ ਮੁਹੰਮਦ ਸਾਹਿਬ ਨੂੰ ਸਥਾਈ ਸ਼ਾਂਤੀ ਪ੍ਰਾਪਤ ਹੋਈ।

ਸਾਲ ਕੁ ਪਿਛੋਂ ਮੱਕੇ ਵਾਸੀਆਂ ਨੇ ਮਦੀਨੇ ਉੱਤੇ ਹੱਲਾ ਕਰਨ ਲਈ ਇਕ ਮਜ਼ਬੂਤ ਫੌਜ ਤਿਆਰ ਕੀਤੀ ਤੇ ਮਦੀਨੇ ਦੇ ਮੁਸਲਮਾਨਾਂ ਨੂੰ ਖਤਮ ਕਰਨ ਲਈ ਹੱਲਾ ਬੋਲ ਦਿੱਤਾ। ਮਦੀਨੇ ਵਿਚ ਕੁਝ ਯਹੂਦੀ ਰਹਿੰਦੇ ਸਨ, ਜਿਨ੍ਹਾਂ ਨੇ ਅੰਦਰ ਖਾਤੇ ਮੱਕੇ ਵਾਲਿਆਂ ਨਾਲ ਗੁਪਤ ਗਠਜੋੜ ਕੀਤਾ ਹੋਇਆ ਸੀ। ਜਦੋਂ ਮੁਹੰਮਦ ਸਾਹਿਬ ਨੂੰ ਕੁਰੈਸ਼ਾਂ ਦੇ ਇਰਾਦੇ ਦਾ ਪਤਾ ਲੱਗਾ ਤਾਂ ਆਪ ਆਪਣੇ ਪੈਰੋਕਾਰਾਂ ਦੇ ਇਕ ਟੋਲੇ ਨੂੰ ਨਾਲ ਲੈ ਕੇ ਮੁਕਾਬਲੇ ਲਈ ਆ ਖੜੋਤੇ। ਦੋਹਾਂ ਦਲਾਂ ਵਿਚ ਮਦੀਨੇ ਤੋਂ 80 ਮੀਲ ਦੂਰ ``ਬਦਰ`` ਨਾਂ ਦੇ ਪਿੰਡ ਕੋਲ ਟਾਕਰਾ ਹੋਇਆ। ਇਸ ਜੰਗ ਵਿਚ ਮੁਸਲਮਾਨਾਂ ਦੀ ਗਿਣਤੀ 313 ਤੇ ਵਿਰੋਧੀਆਂ ਦੀ ਗਿਣਤੀ ਹਜ਼ਾਰਾਂ ਵਿਚ ਸੀ। ਇਥੇ ਮੁਸਲਮਾਨਾਂ ਨੇ ਪਹਿਲੀ ਧਾਰਮਿਕ ਜੰਗ ਲੜੀ। ਸੱਚਾਈ ਤੇ ਖੁਦਾਈ ਸ਼ਕਤੀ ਨੇ ਮੁਸਲਮਾਨਾਂ ਦਾ ਸਾਥ ਦਿੱਤਾ ਤੇ ਉਹ ਜੇਤੂ ਰਹੇ। ਇਸ ਜਿਤ ਤੋਂ ਮਗਰੋਂ ਮੱਕਾ ਵਾਸੀਆਂ ਤੇ ਵਿਦੇਸ਼ੀਆਂ ਨਾਲ ਕਈ ਲੜਾਈਆਂ ਹੋਈਆਂ ਪਰ ਮੁਸਲਮਾਨ ਹਮੇਸ਼ਾ ਜੇਤੂ ਰਹੇ ਤੇ ਸਦਾ ਦੁਸ਼ਮਣਾਂ ਪ੍ਰਤੀ ਸੁਹਿਰਦਤਾ ਦਿਖਾਈ ਤੇ ਉਦਾਹਰਣ ਵਜੋਂ ਮੁਹੰਮਦ ਸਾਹਿਬ ਮੱਕੇ ਵਿਚ ਇਕ ਜੇਤੂ ਵਜੋਂ ਦਾਖਲ ਹੋਏ।

ਜਦੋਂ ਮੱਕਾ ਮੁਸਲਮਾਨਾਂ ਦੇ ਅਧੀਨ ਹੋ ਗਿਆ ਤਾਂ ਉਥੋਂ ਦੇ ਵਾਸੀ ਇਸਲਾਮ ਦੁਆਲੇ ਇੱਕਤਰ ਹੋ ਗਏ ਤੇ ਅੱਬੂ

ਸੁਫਿਆਨ ਜੋ ਮੁਹੰਮਦ ਸਾਹਿਬ ਦਾ ਸਭ ਤੋਂ ਵੱਡਾ ਦੁਸ਼ਮਣ ਸੀ, ਨੇ ਵੀ ਇਸਲਾਮ ਧਾਰਣ ਕਰ ਲਿਆ। ਮੱਕੇ ਨਿਵਾਸੀਆਂ ਦੀ ਧਰਮ ਤਬਦੀਲੀ ਪਿਛੋਂ ਬਾਕੀ ਕਬੀਲਿਆਂ ਨੇ ਵੀ ਆਪਣੇ ਨੁਮਾਇੰਦੇ ਭੇਜੇ ਤੇ ਇਸਲਾਮ ਧਾਰਨ ਕਰ ਲਿਆ। ਇਸ ਤਰ੍ਹਾਂ ਕੁਝ ਮਹੀਨਿਆਂ ਵਿਚ ਇਸਲਾਮ ਟਾਪੂ ਦੇ ਸਾਰੇ ਅੰਦਰਲੇ ਭਾਗ ਵਿਚ ਪਹੁੰਚ ਗਿਆ। ਇਸ ਤੋਂ ਪਿਛੋਂ ਮੁਹੰਮਦ ਸਾਹਿਬ ਨੇ ਪਿੰਡਾਂ ਵਿਚ ਪ੍ਰਚਾਰਕ ਭੇਜੇ। ਵੱਖ-ਵੱਖ ਰਾਜਾਂ ਦੇ ਮੁਖੀਆਂ ਕੋਲ ਵੀ ਇਸਲਾਮ ਦੇ ਪ੍ਰਚਾਰਕ ਭੇਜੇ।

ਸੱਤਵੀਂ ਸਦੀ ਦੇ ਮੱਧ ਵਿਚ ਸਾਰਾ ਅਰਬ ਮੁਸਲਮਾਨ ਹੋ ਗਿਆ ਤਾਂ ਮੁਹੰਮਦ ਸਾਹਿਬ ਨੇ ਆਪਣੀ ਜ਼ਿੰਦਗੀ ਦਾ ਅੰਤਿਮ ਸਮਾਂ ਨੇੜੇ ਦੇਖ ਦੇ ਕਾਅਬਾ ਦੀ ਯਾਤਰਾ ਕਰਨ ਦਾ ਵਿਚਾਰ ਬਣਾਇਆ। 632 ਈ. ਵਿਚ ਯਾਤਰਾ ਆਰੰਭ ਹੋਈ। ਵੱਧ ਤੋਂ ਵੱਧ ਲੋਕ ਮੱਕੇ ਦੇ ਵਿਸ਼ਾਲ ਮੈਦਾਨ ਵਿਚ ਇਕੱਤਰ ਹੋਏ। ਲੋਕਾਂ ਨੂੰ ਮੁਹੰਮਦ ਸਾਹਿਬ ਨੇ ਇੰਝ ਸੰਬੋਧਨ ਕੀਤਾ, ''ਹੇ ਲੋਕੋ ! ਮੇਰੀ ਗੱਲ ਧਿਆਨ ਨਾਲ ਸੁਣੋ ਕਿਉਂਕਿ ਮੈਂ ਨਹੀਂ ਜਾਣਦਾ ਕਿ ਇਸ ਸਾਲ ਪਿਛੋਂ ਸ਼ਾਇਦ ਮੈਂ ਕਦੇ ਵੀ ਆਪ ਲੋਕਾਂ ਨਾਲ ਇਸ ਪਵਿੱਤਰ ਧਰਤੀ ਤੇ ਖਲੋ ਕੇ ਭਾਸ਼ਨ ਦੇ ਸਕਾਂ।''

''ਤੁਹਾਡੇ ਜੀਵਨ ਤੇ ਜਾਇਦਾਦ ਪਵਿੱਤਰ ਹਨ ਜਿਵੇਂ ਕਿ ਇਹ ਦਿਨ ਤੇ ਮਹੀਨਾ ਪਵਿੱਤਰ ਹੈ। ਯਾਦ ਰਹੇ ਕਿ ਤੁਹਾਨੂੰ ਖੁਦਾ ਦੇ ਸਾਹਮਣੇ ਹਾਜ਼ਰ ਹੋਣਾ ਪਵੇਗਾ ਜੋ ਤੁਹਾਡੇ ਕੰਮਾਂ ਦਾ ਹਿਸਾਬ ਮੰਗੇਗਾ। ਤੁਸਾਂ ਲੋਕਾਂ ਤੇ ਤੁਹਾਡੀਆਂ ਪਤਨੀਆਂ ਦੇ ਹੱਕ ਹਨ ਤੇ ਆਪਣੀਆਂ ਪਤਨੀਆਂ ਨੂੰ ਪਿਆਰ ਕਰੋ ਤੇ ਉਹਨਾਂ ਤੇ ਰਹਿਮ ਕਰੋ ਇਹ ਤੁਹਾਨੂੰ ਅਲ੍ਹਾ ਦੀ ਜਾਮਨੀ ਤੇ ਪ੍ਰਾਪਤ ਹੋਈਆਂ ਹਨ। ਜੇ ਤੁਹਾਡੇ ਕੋਲ ਕੋਈ ਜੰਗੀ ਕੈਦੀ ਹੈ ਤਾਂ ਉਸ ਨੂੰ ਮਾਫ ਕਰ ਦਿਉ। ਹਮੇਸ਼ਾ ਆਪਣੇ ਤੇ ਕੀਤੇ ਗਏ ਵਿਸ਼ਵਾਸ਼ ਤੇ ਪੂਰੇ ਉਤਰੋ ਤੇ ਗੁਨਾਹ (Sin) ਤੋਂ ਬਚੋ, ਸੂਦ ਲੈਣਾ ਮਨ੍ਹਾ ਹੈ। ਕਰਜ਼ੇਦਾਰ ਕੇਵਲ ਮੂਲ ਰਕਮ ਹੀ ਵਾਪਸ ਕਰੇਗਾ। ਬਦਲਾ ਲੈਣ ਦੀ ਮਨਾਹੀ ਹੈ ਤੇ ਅੱਜ ਤੋਂ ਪਹਿਲਾਂ ਦੇ ਸਾਰੇ ਖੂਨੀ ਝਗੜੇ ਖ਼ਤਮ ਕੀਤੇ ਜਾਂਦੇ ਹਨ।

ਲੋਕੋ ਤੁਸੀਂ ਮੇਰੇ ਸ਼ਬਦਾਂ ਨੂੰ ਧਿਆਨ ਨਾਲ ਸੁਣੋ ਤੇ ਯਾਦ ਰੱਖੋ। ਹਰ ਇਕ ਮੁਸਲਮਾਨ ਦੂਜੇ ਮੁਸਲਮਾਨ ਦਾ ਭਾਈ ਹੈ। ਤੁਸੀਂ ਸਾਰੇ ਇਕ ਸਮਾਨ ਹੋ। ਤੁਸੀਂ ਭਾਵੇਂ ਕਿਸੇ ਕੌਮ ਜਾਂ ਦੇਸ਼ ਦੇ ਹੋ ਪਰ ਮਨੁੱਖ ਹੋਣ ਦੇ ਨਾਤੇ ਇਕ ਦਰਜਾ ਰੱਖਦੇ ਹੋ।

ਇਹ ਆਖਦਿਆਂ ਹੋਇਆ ਆਪ ਨੇ ਦੋਵੇਂ ਹੱਥ ਉਪਰ ਚੁੱਕੇ। ਉਹਨਾਂ ਹੱਥਾਂ ਨੂੰ ਨੇੜੇ ਕਰਕੇ ਉਂਗਲਾਂ ਮਿਲਾ ਦਿੱਤੀਆਂ ਤੇ ਬੋਲੇ, ''ਜਿਸ ਤਰ੍ਹਾਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਬਰਾਬਰ ਹਨ, ਇਸੇ ਤਰ੍ਹਾਂ ਸੰਸਾਰ ਦੇ ਸਾਰੇ ਪੁਰਸ਼ ਤੇ ਤੀਵੀਆਂ ਬਰਾਬਰ ਹਨ। ਕਿਸੇ ਨੂੰ ਕੋਈ ਹੱਕ ਨਹੀਂ ਕਿ ਦੂਜੇ ਤੋਂ ਵੱਡਾ ਹੋਵੇ। ਤੁਸੀਂ ਸਭ ਭਰਾ ਹੋ। ਜੋ ਕੁੱਝ ਕਿਸੇ ਹੋਰ ਵਿਅਕਤੀ ਦਾ ਹੈ ਉਹ ਤੁਹਾਡੇ ਲਈ ਹਰਾਮ ਹੈ ਜੇ ਤੁਹਾਨੂੰ ਅਗਲੇ ਨੇ ਆਪਣੀ ਮਰਜ਼ੀ ਨਾਲ ਨਾ ਦਿੱਤਾ ਹੋਵੇ। ਕਿਸੇ ਨਾਲ ਬੇਇਨਸਾਫੀ ਨਾ ਕਰੋ।''

ਹੱਜ ਕਰਕੇ ਨਬੀ ਕਰੀਮ ਮਦੀਨੇ ਪੁਜੇ। ਉਹਨਾਂ ਦੱਸਿਆ ਕਿ ਖੁਦਾ ਮਹਾਨ ਤੇ ਵਿਸ਼ਾਲ ਹੈ। ਕੋਈ ਦੇਵੀ ਦੇਵਤਾ ਉਸ ਦਾ ਭਾਈਵਾਲ ਨਹੀਂ। ਉਹ ਸਰਵਉੱਚ ਤੇ ਸਰਬ ਸ਼ਕਤੀਸ਼ਾਲੀ ਹੈ। ਆਪਣੇ ਜੀਵਨ ਦਾ ਬਾਕੀ ਸਮਾਂ ਮੁਹੰਮਦ ਸਾਹਿਬ ਨੇ ਵੱਖ-ਵੱਖ ਕਬੀਲਿਆਂ ਨੂੰ ਸੰਗਠਿਤ ਕਰਨ, ਇਸਲਾਮ ਦਾ ਪ੍ਰਚਾਰ ਕਰਨਾ, ਲੋਕਾਂ ਦੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਦਸ਼ਾ ਸੁਧਾਰਨ ਵਿਚ ਬਿਤਾਇਆ। ਆਪਣੀ ਅੰਤਿਮ ਤੀਰਥ ਯਾਤਰਾ ਤੋਂ ਕੁਝ ਮਹੀਨੇ ਪਿਛੋਂ ਉਹ ਬੀਮਾਰ ਹੋ ਗਏ, ਜਦੋਂ ਉਹਨਾਂ ਨੇ ਆਪਣਾ ਅੰਤਮ ਸਮਾਂ ਨੇੜੇ ਦੇਖਿਆ ਤਾਂ ਹੌਲੀ ਹੌਲੀ ਮਸਜਿਦ ਵਿਚ ਪੁਜ ਕੇ ਉਥੇ ਇਕੱਤਰ ਹੋਏ ਲੋਕਾਂ ਨੂੰ ਇੰਝ ਸੰਬੋਧਨ ਕੀਤਾ :

''ਮੁਸਲਮਾਨੋ, ਜੇਕਰ ਮੈਂ ਕਿਸੇ ਨਾਲ ਵਧੀਕੀ ਕੀਤੀ ਹੈ ਤਾਂ ਮੈਂ ਉਸ ਦਾ ਦੇਣਦਾਰ ਹਾਂ। ਜੇਕਰ ਮੈਂ ਕਿਸੇ ਦਾ ਕੁਝ ਦੇਣਾ ਹੈ ਤਾਂ ਜੋ ਕੁਝ ਵੀ ਮੇਰਾ ਹੈ ਉਹ ਤੁਹਾਡਾ ਹੈ।''

''ਹੇ ਮੁਸਲਮਾਨੋਂ ! ਮੇਰੀ ਕਬਰ ਨੂੰ ਇਕ ਕਬਰ ਤੋਂ ਵੱਧ ਕੁਝ ਨਾ ਸਮਝਣਾ। ਮੇਰੀ ਕਬਰ ਦੀ ਪੂਜਾ ਨਾ ਕਰਨੀ, ਸਗੋਂ ਰੱਬ ਦੀ ਪੂਜਾ ਕਰਨੀ।''

ਮੌਤ ਤੋਂ ਪਹਿਲਾਂ ਮੁਹੰਮਦ ਸਾਹਿਬ ਨੂੰ ਯਾਦ ਆਇਆ ਕਿ ਉਸਦੇ ਘਰ ਕੁੱਝ ਸੋਨੇ ਦੇ ਸਿੱਕੇ ਹਨ। ਉਹਨਾਂ ਹੁਕਮ ਦਿੱਤਾ ਕਿ ਉਹਨਾਂ ਦੇ ਘਰ ਜੋ ਵੀ ਹੈ ਉਹ ਗਰੀਬਾਂ ਵਿਚ ਦਾਨ ਕਰ ਦਿੱਤਾ ਜਾਵੇ। ਉਹਨਾਂ ਦੀ ਹਾਲਤ ਲਗਾਤਾਰ ਵਿਗੜਦੀ ਗਈ ਤੇ ਉਹ 8 ਜੂਨ 632 ਈ. ਨੂੰ ਸੰਸਾਰ ਤੋਂ ਚਲਾਣਾ ਕਰ ਗਏ ਤੇ ਉਹਨਾਂ ਦੇ 23 ਸਾਲਾ ਪੈਗੰਬਰੀ ਜੀਵਨ ਦਾ ਅੰਤ ਹੋ ਗਿਆ। ਪ੍ਰੰਤੂ ਜੋ ਰੌਸ਼ਨੀ ਉਹਨਾਂ ਲੱਖਾਂ ਲੋਕਾਂ ਦੇ ਦਿਲਾਂ ਵਿਚ ਜਗਾਈ, ਉਹ ਅੱਜ ਵੀ ਮਨੁੱਖ ਜਾਤੀ ਦੇ ਇਕ

ਵੱਡੇ ਭਾਗ ਨੂੰ ਰੁਸ਼ਨਾ ਰਹੀ ਹੈ ਤੇ ਰਹਿੰਦੀ ਦੁਨੀਆਂ ਤਕ ਰੁਸ਼ਨਾਉਂਦੀ ਰਹੇਗੀ।
ਬੰਦਿਆਂ ਤੋਂ ਅਜਿਹੇ ਕੰਮ ਕਰਨ ਦੀ ਉਮੀਦ ਨਹੀਂ ਰੱਖਦਾ ਜਿਹੜੇ ਉਹ ਕਰ ਹੀ ਨਾ ਸਕਦੇ ਹੋਣ। ਇਹ ਪੰਜੇ ਅਸੂਲ ਅਸਾਨੀ ਨਾਲ ਨਿਭਾਏ ਜਾ ਸਕਦੇ ਹਨ। ਫਿਰ ਵੀ ਜੇ ਨਾ ਚਾਹੁੰਦਿਆਂ ਹੋਇਆਂ ਵਿਘਨ ਪੈ ਜਾਵੇ ਤਾਂ ਰੱਬ ਬਖਸ਼ਣਹਾਰ ਹੈ ਪਰ ਇਹ ਵਿਘਨ ਜਾਣ ਬੁਝ ਕੇ ਆਲਸ ਵਸ ਨਾ ਪਾਇਆ ਹੋਵੇ। ਰੱਬ ਜਾਣੀ ਜਾਣ ਹੈ। ਉਸ ਤੋਂ ਕੁਝ ਲੁਕਾਇਆ ਨਹੀਂ ਜਾ ਸਕਦਾ। ਉਸਨੂੰ ਪਤਾ ਹੈ ਕਿਥੇ ਮਨੁੱਖ ਬੇਵਸ ਹੈ, ਉਥੇ ਉਹ ਆਪ ਮਦਦਗਾਰ ਹੁੰਦਾ ਹੈ ਅਤੇ ਕਮੀਆਂ ਪੇਸ਼ੀਆਂ ਮਾਫ ਕਰਦਾ ਹੈ। ਅਗੋਂ ਲਈ ਦਲੇਰੀ ਤੇ ਵਿਸ਼ਵਾਸ ਪੈਦਾ ਕਰੋ। ਪਿਛਲਾ ਭੁੱਲੋ, ਸੱਚੇ ਮੋਮਿਨ ਬਣੋ। ਆਮੀਨ।

ਪਾਠ ਨੰ : 2.3 ਲੇਖਕ : ਡਾ. ਹਰਪਾਲ ਸਿੰਘ ਪੰਨੂ

# ਪਵਿੱਤਰ ਕੁਰਾਨ : ਸੰਖੇਪ ਜਾਣ-ਪਛਾਣ

## ਜਾਣ ਪਛਾਣ

ਮੁਸਲਮਾਨਾਂ ਦੇ ਪਵਿੱਤਰ ਧਰਮ ਗ੍ਰੰਥ ਦਾ ਨਾਮ ਕੁਰਾਨ ਹੈ। ਕੁਰਾਨ ਨੂੰ ਇਲਹਾਮ ਭਾਵ ਰੱਬੀ ਬਾਣੀ ਸਮਝਿਆ ਜਾਂਦਾ ਹੈ। ਮੁਸਲਮਾਨੀ ਪਰੰਪਰਾਵਾਂ ਅਨੁਸਾਰ ਇਹ ਦੈਵੀ ਬਾਣੀ ਪੈਗੰਬਰ ਮੁਹੰਮਦ ਨੂੰ ਜਬਰਾਈਲ ਫਰਿਸ਼ਤੇ ਨੇ ਸੁਣਾਈ। ਹਜ਼ਰਤ ਮੁਹੰਮਦ ਸਾਹਿਬ ਬੰਦਗੀ ਕਰਨ ਹਿਤ ਪਰਬਤਾਂ ਦੀਆਂ ਗੁਫਾਵਾਂ ਵੱਲ ਜਾਂਦੇ ਤੇ ਇਕਾਂਤ ਵਿਚ ਭਜਨ ਕਰਦੇ। ਅਚਾਨਕ ਇਕ ਦਿਨ ਉਹਨਾਂ ਦੇ ਸਾਹਮਣੇ ਇਕ ਫਰਿਸ਼ਤਾ ਪ੍ਰਗਟ ਹੋਇਆ ਜਿਸ ਨੇ ਮੁਹੰਮਦ ਸਾਹਿਬ ਨੂੰ ਆਖਿਆ ਕਿ ਤੁਸੀਂ ਪੈਗੰਬਰ ਹੋ ਤੇ ਫਿਰ ਕਈ ਵਾਰ ਰੱਬੀ ਬਾਣੀ ਆਕਾਸ਼ ਤੋਂ ਧਰਤੀ ਉਤੇ ਉਹ ਫਰਿਸ਼ਤਾ ਲਿਆਉਂਦਾ ਰਿਹਾ। ਹਜ਼ਰਤ ਮੁਹੰਮਦ ਸਾਹਿਬ ਨੇ ਇਹ ਬਾਣੀ ਆਪ ਲਿਖੀ ਨਹੀਂ। ਉਹ ਆਪਣੇ ਸ਼ਰਧਾਲੂਆਂ ਨੂੰ ਸੁਣਾਉਂਦੇ। ਸੇਵਕ ਯਾਦ ਕਰ ਲੈਂਦੇ। ਮੁਹੰਮਦ ਸਾਹਿਬ ਦੇ ਅਕਾਲ ਚਲਾਣੇ ਤੋਂ ਮਗਰੋਂ ਖਲੀਫਾ ਅਬੂ ਬਕਰ ਨੇ ਜ਼ੈਦ ਇਬਨ ਤਾਬੀਤ ਤੋਂ ਇਸ ਬਾਣੀ ਦਾ ਸੰਪਾਦਨ ਕਰਵਾਇਆ। ਜ਼ੈਦ ਇਬਨ ਤਾਬੀਤ ਮੁਹੰਮਦ ਸਾਹਿਬ ਦਾ ਸੇਵਕ ਸੀ।

ਕੁਰਾਨ ਦੇ ਕੁੱਲ 114 ਸੂਰਾ ਹਨ। ਸੂਰਾ ਅਧਿਆਇ ਨੂੰ ਆਖਿਆ ਜਾਂਦਾ ਹੈ। ਇਹਨਾਂ ਸਾਰਿਆਂ ਅਧਿਆਇਆਂ ਵਿਚ 77,639 ਸ਼ਬਦ ਹਨ। ਸਾਰੇ ਸ਼ਬਦ ਖ਼ਾਸ ਲੰਬਾਈ ਦੀਆਂ ਸਤਰਾਂ ਵਿਚ ਜੁੜੇ ਹੋਏ ਹਨ। ਕੁਰਾਨ ਦੀਆਂ ਪੰਕਤੀਆਂ ਨੂੰ ਉੱਚੀ ਹੇਕ ਵਿਚ ਪੜ੍ਹਿਆ ਜਾਂਦਾ ਹੈ। ਕੁਰਾਨ ਦੇ ਸਾਰੇ ਸ਼ਬਦ-ਸਮੂਹ ਤੋਂ ਹਜ਼ਰਤ ਮੁਹੰਮਦ ਸਾਹਿਬ ਦੇ ਰੋਸ਼ਨ ਦਿਲ ਤੇ ਦਿਮਾਗ ਦਾ ਨਕਸ਼ ਰੂਪਮਾਨ ਹੁੰਦਾ ਹੈ।

## ਨਾਮਕਰਣ

ਮੁਸਲਮਾਨਾਂ ਦੀ ਇਸ ਧਰਮ ਪੋਥੀ ਦੇ ਲਗਭਗ 55 ਵੱਖ-ਵੱਖ ਨਾਮ ਹਨ। ਪਰੰਤੂ ਸਭ ਤੋਂ ਵਧੇਰੇ ਹਰਮਨ ਪਿਆਰਾ ਨਾਮ 'ਕੁਰਾਨ' ਹੀ ਪ੍ਰਚਲਤ ਅਤੇ ਪ੍ਰਵਾਨ ਹੋਇਆ। ਕੁਰਾਨ ਸ਼ਬਦ ਦਾ ਸਿੱਧਾ ਅਰਥ ਹੁੰਦਾ ਹੈ ''ਪਾਕ''। ਅਰਬੀ ਦੀ ਕ੍ਰਿਆ 'ਕੱਰਾ' ਤੋਂ ਹੀ ਇਹ ਸ਼ਬਦ ਬਣਿਆ। 'ਕੱਰਾ' ਦਾ ਅਰਥ ਹੁੰਦਾ ਹੈ 'ਪੜ੍ਹਨਾ'ਜਾਂ 'ਉਚਾਰਨਾ'। ਕੁਰਾਨ ਵਿਚ ਇਕ ਆਇਤ ਹੈ ''ਸਾਡੇ ਸਾਹਮਣੇ ਪਵਿੱਤਰ ਪਾਠ (ਕੁਰਾਨ) ਮੌਜੂਦ ਹੈ ਜੋ ਅਸੀਂ ਪੜ੍ਹਨਾ ਹੈ। ਜਦੋਂ ਇਸ ਨੂੰ ਪੜ੍ਹੋ ਇਸ ਤੇ ਅਮਲ ਕਰੋ।''[1] ਯਹੂਦੀਆਂ ਦੀ ਪੁਰਾਤਨ ਭਾਸ਼ਾ ਹਿਬਰੂ ਵਿਚ ਇਕ ਸ਼ਬਦ 'ਮਿਕਰ' ਹੈ ਜਿਸ ਤੋਂ ਹੋ ਸਕਦਾ ਹੈ ਕਿ ਅਰਬੀ ਸ਼ਬਦ 'ਮਕਰ' ਬਣਿਆ ਹੋਵੇ। ਅਜਿਹੀ ਵੀ ਸੰਭਾਵਨਾ ਹੈ। ਯਹੂਦੀ ਆਪਣੀ ਧਰਮ ਪੁਸਤਕ ਪੁਰਾਣੀ ਬਾਈਬਲ ਨੂੰ 'ਮਿਕਰ' ਆਖਦੇ ਹਨ। ਭਾਵੇਂ ਆਰੰਭ ਵਿਚ 'ਕੁਰਾਨ' ਸ਼ਬਦ ਦੇ ਕੋਈ ਵੀ ਅਰਥ ਹੋਣ ਪਰੰਤੂ ਅੱਜ ਕੱਲ੍ਹ ਇਸ ਦਾ ਇਕੋ ਅਰਥ 'ਮੁਸਲਮਾਨਾਂ ਦੀ ਧਰਮ ਪੁਸਤਕ' ਵਜੋਂ ਲਿਆ ਜਾਂਦਾ ਹੈ।

ਕੁਰਾਨ ਨੂੰ ਕੇਵਲ 'ਕਿਤਾਬ' ਦਾ ਨਾਮ ਵੀ ਦਿੱਤਾ ਜਾਂਦਾ ਹੈ। ਮੁਸਲਮਾਨ ਆਪਣੇ ਆਪ ਨੂੰ 'ਅਹਲ-ਇ-ਕਿਤਾਬ' ਭਾਵ ਕੁਰਾਨ ਦੇ ਉਪਾਸ਼ਕ ਅਖਵਾਉਣ ਵਿਚ ਫ਼ਖਰ ਅਨੁਭਵ ਕਰਦੇ ਹਨ। ਪਹਿਲੇ ਪਹਿਲ 'ਕੁਰਾਨ' ਇਸ ਪੋਥੀ ਦਾ ਇਕ ਹਿੱਸਾ ਸੀ ਤੇ, 'ਕਿਤਾਬ' ਦੂਜਾ ਹਿੱਸਾ। ਹੌਲੀ ਹੌਲੀ 'ਕੁਰਾਨ' ਤੇ 'ਕਿਤਾਬ' ਇਕੋ ਅਰਥਾਂ ਦੇ ਧਾਰਣੀ ਹੋ ਗਏ। ਕੁਰਾਨ ਦਾ ਇਕ ਨਾਮ 'ਰਹਿਨੁਮਾ' (ਆਗੂ, ਮਾਰਗ ਦਰਸ਼ਕ) ਹੈ। ਇਸ ਨੂੰ 'ਪਵਿੱਤਰ ਸੰਗ੍ਰਹਿ' ਵੀ ਕਿਹਾ ਜਾਂਦਾ ਹੈ ਤੇ 'ਇਲਹਾਮ' (ਦੈਵੀ ਅਨੁਭਵ) ਨਾਮ ਤਾਂ ਬੜਾ ਪ੍ਰਸਿੱਧ ਹੋਇਆ ਹੈ। ਜਿਵੇਂ ਸਿੱਖਾਂ ਦੀ ਧਰਮ ਪੁਸਤਕ ਦਾ ਪਹਿਲਾਂ ਨਾਮ 'ਪੋਥੀ' ਸੀ, ਫਿਰ 'ਪੋਥੀ ਜੀ' ਜਾਂ 'ਪੋਥੀ ਸਾਹਿਬ' ਆਖਿਆ ਜਾਣ ਲੱਗਾ ਇਸ ਪਿਛੋਂ 'ਆਦਿ ਗ੍ਰੰਥ' ਤੇ ਫਿਰ 'ਗੁਰੂ ਗ੍ਰੰਥ' ਕਿਹਾ ਜਾਂਦਾ ਰਿਹਾ। ਹੁਣ ਅਸੀਂ ਇਸ ਨੂੰ 'ਗੁਰੂ ਗ੍ਰੰਥ ਸਾਹਿਬ' ਆਖਦੇ ਹਾਂ। ਇਸੇ ਪ੍ਰਕਾਰ 'ਕੁਰਾਨ' ਦੇ ਸਿਰਲੇਖਾਂ ਵਿਚ ਵੀ ਪਰਿਵਰਤਨ ਹੁੰਦਾ ਰਿਹਾ ਹੈ।

ਹਿਬਰੂ ਭਾਸ਼ਾ ਵਿਚ ਇਕ ਸ਼ਬਦ ਸੀ 'ਸੋਰਾਹ'। 'ਸੋਰਾਹ' ਦਾ ਅਰਥ ਸੀ' ਮਨੁੱਖਾਂ ਦੀ ਕਤਾਰ'। ਇੱਟਾਂ ਦੀ ਇਕ ਦਰਜ (ਕਤਾਰ) ਨੂੰ ਵੀ ਸੋਰਾਹ ਕਿਹਾ ਜਾਂਦਾ ਸੀ। ਇਸ ਤੋਂ 'ਸੂਰ' ਸ਼ਬਦ ਬਣਿਆ ਜਿਸਦਾ ਅਰਥ 'ਅਧਿਆਇ' ਕੀਤਾ ਗਿਆ ਸੀ। ਸੋ 'ਸੂਰਾ' ਉਹ ਅਧਿਆਇ ਹੈ ਜਿਸ ਵਿਚ ਆਇਤਾਂ ਇੱਟਾਂ ਦੀਆਂ ਦਰਜਾਂ ਵਾਂਗ ਇਕ ਦੂਜੀ ਨਾਲ ਜੁੜੀਆਂ ਹਨ। 'ਸੂਰਾ' ਬਹੁਵਚਨ ਸ਼ਬਦ ਹੈ ਜਿਸ ਦਾ ਇਕ ਵਚਨ 'ਸਵਰ' ਹੈ। ਕਈਆਂ ਆਇਤਾਂ ਨੂੰ ਮਿਲਾ ਕੇ ਇਕ 'ਸੂਰਾ'

1. ਕੁਰਾਨ LXXV, 17

ਬਣਦਾ ਹੈ। ਹਰੇਕ ਆਇਤ ਰੱਬੀ ਹੁਕਮ ਸਮਝ ਕੇ ਸਤਿਕਾਰੀ ਜਾਂਦੀ ਹੈ।

**ਸਾਮੱਗਰੀ :**

ਕੁਰਾਨ ਵਿਚਲੀ ਸਾਮੱਗਰੀ ਬਹੁਭਾਂਤੀ ਹੈ। ਮੁਸਲਮਾਨ ਦਾ ਸਾਰਾ ਜੀਵਨ ਅਸਲ ਵਿਚ ਕੁਰਾਨ ਦੀਆਂ ਸਿੱਖਿਆਵਾਂ ਉੱਤੇ ਆਧਾਰਿਤ ਹੈ। ਸਾਰੇ ਸੂਰਿਆਂ ਦੇ ਵੱਖ-ਵੱਖ ਸਿਰਲੇਖ ਹਨ। ਕਿਤੇ ਆਇਤ ਦੇ ਆਰੰਭਕ ਸ਼ਬਦ ਦੇ ਆਧਾਰ ਤੇ ਹੀ ਸੂਰੇ ਦਾ ਨਾਮ ਰੱਖ ਦਿੱਤਾ ਹੈ ਤੇ ਕਿਤੇ ਕਿਸੇ ਵਿਸ਼ੇਸ਼ ਸਿੱਖਿਆ ਦੇ ਆਧਾਰ ਤੇ ਅਜਿਹਾ ਕੀਤਾ ਗਿਆ ਹੈ। ਬਾਹਰਵਾਂ ਸੂਰਾ ਜਿਸ ਨੂੰ 'ਜੋਸਫ' ਦਾ ਨਾਮ ਦਿੱਤਾ ਹੈ ਸਾਰਾ ਇਸ ਧਾਰਮਿਕ ਆਗੂ ਦੇ ਜ਼ਿਕਰ ਨਾਲ ਪੂਰਨ ਹੈ। ਦੂਜਾ ਸੂਰਾ ਜਿਸ ਵਿਚ 286 ਪੰਕਤੀਆਂ ਹਨ 'ਗਊ' ਅਖਵਾਉਂਦਾ ਹੈ। ਉਸ ਵਿਚ ਗਊ ਨਾਲ ਸੰਬੰਧਿਤ ਕੇਵਲ ਚਾਰ ਸਤਰਾਂ (63-66) ਹਨ। 228 ਸਤਰਾਂ ਵਾਲੇ 26ਵੇਂ ਸੂਰੇ ਦਾ ਸਿਰਲੇਖ 'ਕਵੀ' ਹੈ ਪਰ ਇਸ ਦੇ ਅਖੀਰ ਵਿਚ ਕੇਵਲ ਤਿੰਨ ਪੰਕਤੀਆਂ ਹੀ ਕਵੀਆਂ ਨਾਲ ਸੰਬੰਧਿਤ ਹਨ। ਜਿਸ ਵਿਅਕਤੀ ਦੇ ਨਾਮ ਉਤੇ ਸੂਰੇ ਦਾ ਨਾਮ ਰੱਖਿਆ ਗਿਆ ਹੋਵੇ ਇਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਸਾਰੇ ਅਧਿਆਇ ਵਿਚ ਉਸ ਸ਼ਖਸ ਦਾ ਜ਼ਿਕਰ ਹੈ।

ਕੁਰਾਨ ਵਿਚ ਵੱਡੀ ਗਿਣਤੀ ਤਾੜਨਾਵਾਂ (Warnings) ਦੀ ਹੈ। ਭੌਤਿਕ ਸਿੱਖਿਆਵਾਂ ਦੀ ਭਰਮਾਰ ਹੈ ਤੇ ਮੁਹੰਮਦ ਸਾਹਿਬ ਨੇ ਆਪਣੇ ਧਰਮ ਸਿੱਧਾਂਤਾਂ ਨੂੰ ਜ਼ੋਰਦਾਰ ਬੋਲੀ ਵਿਚ ਦ੍ਰਿੜ੍ਹ ਕਰਵਾਉਣ ਦੇ ਹੁਕਮ ਦਿੱਤੇ ਹਨ। ਬਹੁਤ ਸਾਰੀਆਂ ਥਾਵਾਂ ਤੇ ਭੂਤਕਾਲ ਦੇ ਆਪਣੇ ਹਵਾਲੇ ਦਿੱਤੇ ਹਨ ਤੇ ਇਵੇਂ ਹੀ ਹਜ਼ਰਤ ਮੁਹੰਮਦ ਨੇ ਆਪਣੇ ਅਨੁਭਵਾਂ ਦਾ ਜ਼ਿਕਰ ਕੀਤਾ ਹੈ। 'ਮੋਮਿਨ' ਭਾਵ ਨੇਕ ਇਨਸਾਨ ਬਣਨ ਦਾ ਹੁਕਮ ਹੈ। 'ਕਾਫਰ' ਭਾਵ ਮਨਮੁਖ ਜਾਂ ਮਾੜੇ ਮਨੁੱਖ ਨੂੰ ਪਸ਼ਚਾਤਾਪ ਕਰਨ ਲਈ ਕਿਹਾ ਹੈ। ਬਹੁਤ ਸਾਰੀਆਂ ਥਾਵਾਂ ਉਤੇ ਨਰਕ (ਦੋਜ਼ਖ) ਦੀ ਭਿਆਨਕਤਾ ਅਤੇ ਸੁਰਗ (ਬਹਿਸ਼ਤ) ਦੀਆਂ ਮੌਜਾਂ ਦਾ ਵੇਰਵਾ ਹੈ। ਜਿਹੜੇ ਮਨੁੱਖ ਵਿਸ਼ਵਾਸਘਾਤ ਕਰਦੇ ਹਨ ਉਹਨਾਂ ਨੂੰ ਸਖਤ ਸਜ਼ਾਵਾਂ ਦਿਤੇ ਜਾਣ ਦੀ ਸੂਚਨਾ ਹੈ। ਨੈਤਿਕ ਨਿਯਮਾਵਲੀ ਵਿਚ ਕਿਤੇ-ਕਿਤੇ ਵਿਦਵਾਨਾਂ ਨੇ ਆਪਾ ਵਿਰੋਧੀ ਅੰਸ਼ ਲੱਭੇ ਹਨ ਜਿਹਨਾਂ ਦਾ ਮੁਸਲਮਾਨ ਦਾਰਸ਼ਨਿਕਾਂ ਨੇ ਸਪਸ਼ਟੀਕਰਣ ਦਿੱਤਾ ਹੋਇਆ ਹੈ। ਇਕੋ ਆਇਤ ਦੇ ਕਈ ਵਾਰ ਭਿੰਨ ਅਰਥ ਵੀ ਕੀਤੇ ਜਾਂਦੇ ਹਨ।

**ਸਰੋਤ :**

ਕੁਰਾਨ ਉੱਤੇ ਪੁਰਾਣੀ ਅਤੇ ਨਵੀਂ ਬਾਈਬਲ ਦਾ ਅਸਰ ਪਰਤੱਖ ਹੈ। ਕੁਰਾਨ ਵਿਚ ਕੁਝ ਪੰਨੇ ''ਮੂਸਾ ਜੀ ਅਤੇ ਅਬਰਾਹਮ ਦੇ ਹਨ ਜਿਹੜੇ ਰੱਬ ਦੇ ਵਫਾਦਾਰ ਪੈਗੰਬਰ ਸਨ।'' ਕੁਰਾਨ ਦੀ ਇਕ ਸਤਰ ''ਇਕ ਆਤਮਾ ਉੱਤੇ ਦੂਜੀ ਕਿਸੇ ਆਤਮਾ ਦਾ ਬੋਝ ਨਹੀਂ ਲੱਦਿਆ ਜਾਵੇਗਾ ਤੇ ਜੋ ਕੁਝ ਮਾੜਾ ਮਨੁੱਖ ਨੇ ਨਹੀਂ ਕੀਤਾ ਉਸ ਦਾ ਉਹ ਜਵਾਬਦੇਹ ਨਹੀਂ ਹੋਵੇਗਾ'' ਪੁਰਾਣੀ ਬਾਈਬਲ ਦੇ ਇਜ਼ਕਾਈਲ 18-12-45 ਨਾਲ ਹੂਬਹੂ ਮਿਲਦੀ ਜੁਲਦੀ ਹੈ। 'ਆਦ' ਅਤੇ 'ਤਾਮੂਦ' ਨਾਂ ਦੇ ਪ੍ਰਾਚੀਨ ਕਬੀਲਿਆਂ ਦੀ ਤਬਾਹੀ ਦਾ ਜਿਹੜਾ ਵਰਣਨ ਕੁਰਾਨ ਵਿੱਚ ਮਿਲਦਾ ਹੈ ਉਹ ਬਾਈਬਲ ਵਿਚੋਂ ਪ੍ਰਾਪਤ ਨਹੀਂ। ਹਾਂ ''ਅੱਖ ਬਦਲੇ ਅੱਖ ਕੱਢੀ ਜਾਵੇਗੀ, ਨੱਕ ਬਦਲੇ ਨੱਕ ਕੱਟਿਆ ਜਾਵੇਗਾ, ਕੰਨ, ਦੰਦ ਬਦਲੇ ਕੰਨ, ਦੰਦ ਉਖਾੜ ਦਿੱਤਾ ਜਾਵੇਗਾ ਆਦਿ ਸ਼ਬਦ ਬਾਈਬਲ ਅਤੇ ਕੁਰਾਨ ਵਿਚ ਮਾੜੇ ਮੋਟੇ ਅੰਤਰ ਨਾਲ ਸਾਂਝੇ ਹਨ। ਇਸ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਨਵੀਂ ਅਤੇ ਪੁਰਾਣੀ ਅੰਜੀਲ ਦੀ ਚੰਗੀ ਵਾਕਫੀਅਤ ਸੀ।

ਕੁਰਾਨ ਤੋਂ ਪਹਿਲੇ ਅਰਬੀ ਭਾਸ਼ਾ ਵਿਚ ਕੋਈ ਸਰਬ ਪ੍ਰਵਾਣਿਤ ਧਰਮ ਪੁਸਤਕ ਨਹੀਂ ਸੀ। ਕੁਰਾਨ ਵਿਚ ਲਿਖਿਆ ਹੈ, ''ਇਸ ਤੋਂ (ਭਾਵ ਕੁਰਾਨ ਤੋਂ) ਪਹਿਲੋਂ ਦੀ ਕੋਈ ਕਿਤਾਬ ਜਾਂ ਗਿਆਨ ਦਾ ਸੰਗ੍ਰਹਿ ਮੈਨੂੰ ਦਿਖਾਓ।''[1] ਇਸ ਤੋਂ ਪਹਿਲਾਂ ਅਸੀ ਉਹਨਾਂ ਨੂੰ (ਭਾਵ ਮਨੁੱਖਾਂ ਨੂੰ) ਕੋਈ ਕਿਤਾਬ ਪੜ੍ਹਨ ਲਈ ਨਹੀਂ ਦਿੱਤੀ ਤੇ ਨਾ ਹੀ ਅਜਿਹਾ ਬੰਦਾ ਤੇਰੇ ਤੋਂ ਪਹਿਲਾਂ ਘੱਲਿਆ ਜਿਸ ਨੇ ਅਜਿਹੀਆਂ ਹਦਾਇਤਾਂ ਕੀਤੀਆਂ ਹੋਣ।''[2] ਜਿਵੇਂ ਯੂਹਦੀਆਂ ਅਤੇ ਈਸਾਈਆਂ ਪਾਸ ਪਹਿਲੋਂ ਵੱਡਾ ਸਾਹਿਤ ਭੰਡਾਰ ਮੌਜੂਦ ਸੀ ਉਸ ਤਰ੍ਹਾਂ ਅਰਬਾਂ ਪਾਸ ਅਜਿਹੀ ਕੋਈ ਸਮੱਗਰੀ ਨਹੀਂ ਸੀ। ਕੁਰਾਨ ਹੀ ਇਸ ਅਗਿਆਨਤਾ ਦੇ ਅਧਿਕਾਰ ਵਿਚ ਉਹਨਾਂ ਲਈ ਰੋਸ਼ਨੀ ਦਾ ਸਰੋਤ ਬਣ ਕੇ ਆਇਆ।

ਇਹ ਸਹੀ ਹੈ ਕਿ ਕੁਰਾਨ ਉਸ ਵਕਤ ਮੱਕੇ ਦੇ ਲੋਕਾਂ ਦੀ ਅਰਬੀ ਭਾਸ਼ਾ ਵਿਚ ਲਿਖਿਆ ਗਿਆ ਹੈ ਪਰ ਇਸ ਕਾਵਿ ਕਲਾ ਦੇ ਉੱਤਮ ਨਮੂਨੇ ਦੇਖਣ ਵਿਚ ਨਹੀਂ ਮਿਲਦੇ। ਮੁਹੰਮਦ ਸਾਹਿਬ ਖੁਦ ਕੁਰਾਨ ਵਿਚ ਆਖਦੇ ਹਨ ''ਮੈਨੂੰ ਉਹਨਾਂ ਕਵੀਆਂ ਦਾ ਪਤਾ ਹੈ ਜਿਹੜੇ ਹਰ ਵਾਦੀ ਵਿਚ ਘੁੰਮਦੇ ਹੋਏ ਉਹ ਕੁੱਝ ਕਹਿੰਦੇ ਹਨ ਜਿਹੜਾ ਖੁਦ ਨਹੀਂ ਕਰਦੇ। ਮੈਨੂੰ ਵੀ ਕਵੀ ਕਿਹਾ ਜਾਂਦਾ ਹੈ ਪਰ ਰੱਬ ਨੇ ਮੈਨੂੰ ਕਵਿਤਾ ਨਹੀਂ ਸਿਖਾਈ।''

ਉਸ ਵੇਲੇ ਦੇ ਪ੍ਰਚਲਤ ਅਰਬੀ ਬੋਲੀ ਦੇ ਜਿਹੜੇ ਸਮਕਾਲੀ ਵਿਆਕਰਣ ਦੇ ਸਿਧਾਂਤ ਸਨ ਉਹਨਾਂ ਉਤੇ ਪਰਖਿਆਂ ਕੁਰਾਨ

ਕਈ ਵਾਰ ਪੂਰਾ ਨਹੀਂ ਸੀ ਉਤਰਦਾ। ਅਰਬੀ ਵਿਆਕਰਣ ਅਨੁਸਾਰ ਕੁਰਾਨ ਦੀ ਭਾਸ਼ਾ ਅਸ਼ੁੱਧ ਹੋ ਗਈ। ਇਸ ਉੱਤੇ ਕੁਝ ਵਿਦਵਾਨਾਂ ਨੇ ਕੁਰਾਨ ਦੀ ਅਥਾਰਟੀ ਤੇ ਸ਼ੱਕ ਕਰਦਿਆਂ ਆਖਿਆ, ''ਸਾਨੂੰ ਦੱਸਿਆ ਗਿਆ ਹੈ ਕਿ ਕੁਰਾਨ ਰੱਬ ਦੀ ਬੋਲੀ ਹੈ। ਕੀ ਰੱਬ ਨੂੰ ਅਰਬੀ ਜ਼ਬਾਨ ਨਹੀਂ ਆਉਂਦੀ ? ਫਿਰ ਉਸ ਨੇ ਗਲਤ ਅਰਬੀ ਭਾਸ਼ਾ ਕਿਉਂ ਲਿਖੀ ? ਸੋ ਜਾਂ ਤਾਂ ਰੱਬ ਅਰਬੀ ਬੋਲੀ ਤੋਂ ਅਣਜਾਣ ਹੈ, ਜਾਂ ਫਿਰ ਜੇ ਅਲਾਹ ਅਰਬੀ ਭਾਸ਼ਾ ਜਾਣਦਾ ਹੈ ਤਾਂ ਫਿਰ ਕੁਰਾਨ ਉਸ ਦੀ ਰਚਨਾ ਨਹੀਂ ਕਿਉਂਕਿ ਇਸ ਦੀ ਬੋਲੀ ਅਸ਼ੁੱਧ ਹੈ।''

ਕੁਰਾਨ ਦੇ ਪੈਰੋਕਾਰਾਂ ਵਾਸਤੇ ਇਹ ਬੜੀ ਵੰਗਾਰ ਸੀ। ਦੇਰ ਬਾਅਦ ਇਮਾਮ ਗ਼ਜ਼ਾਲੀ ਨੇ ਆਖਿਆ, ''ਨਿਰਸੰਦੇਹ ਕੁਰਾਨ ਰੱਬ ਦੀ ਬਾਣੀ ਹੈ। ਜੇ ਅਰਬੀ ਵਿਆਕਰਣ ਅਨੁਸਾਰ ਕੁਰਾਨ ਦੀ ਭਾਸ਼ਾ ਵਿਚ ਕੋਈ ਅੰਤਰ ਹੈ ਤਾਂ ਇਹ ਇਸ ਕਰਕੇ ਕਿ ਵਿਆਕਰਣ ਮਨੁੱਖਾਂ ਦੀ ਰਚਨਾ ਹੈ ਜਿਸ ਵਿਚ ਗਲਤੀਆਂ ਹੋਣ ਦੀ ਸੰਭਾਵਨਾ ਹੈ। ਕੁਰਾਨ ਵਿਚ ਕੋਈ ਗ਼ਲਤੀ ਨਹੀਂ। ਆਓ ਅਰਬੀ ਵਿਆਕਰਣ ਦੇ ਪੁਰਾਣੇ ਗ਼ਲਤ ਹੋ ਚੁਕੇ ਨੇਮਾਂ ਨੂੰ ਬਦਲ ਦੇਈਏ।'' ਇਉਂ ਕੁਰਾਨ ਦੀ ਰੱਬੀ ਬੋਲੀ ਨੂੰ ਆਧਾਰ ਬਣਾ ਕੇ ਪਹਿਲੀ ਅਰਬੀ ਵਿਆਕਰਣ ਰੱਦ ਕੀਤੀ ਗਈ ਅਤੇ ਨਵੀਂ ਵਿਆਕਰਣ ਦੀ ਸਿਰਜਣਾ ਨਾਲ ਕਾਫਰਾਂ ਦਾ ਇਹ ਸ਼ੰਕਾ ਖਤਮ ਹੋ ਗਿਆ।ਪੈਗੰਬਰ ਮੁਹੰਮਦ ਦੇ ਸਮੇਂ ਅਰਬ ਲੋਕਾਂ ਵਿਚ ਪ੍ਰਚਲਿਤ ਲੁਕਮਾਨ ਦੀ ਇਕ ਕਿਤਾਬ ਸੀ। ਲੁਕਮਾਨ ਦੀਆਂ ਕਈ ਸਿੱਖਿਆਵਾਂ ਅਤੇ ਅਖਾਣ ਇਕੱਤੀਵੇਂ ਸੂਰਾ ਵਿਚ ਦਰਜ ਕੀਤੀਆਂ ਮਿਲਦੀਆਂ ਹਨ। ਲੁਕਮਾਨ ਦੀ ਜੀਵਨੀ ਬਾਰੇ ਕੁਰਾਨ ਵਿਚੋਂ ਕੁਝ ਪਤਾ ਨਹੀਂ ਲਗਦਾ, ਪਰੰਤੂ ਲੁਕਮਾਨ ਬਾਰੇ ਕੁਰਾਨ ਤੋਂ ਬਗੈਰ ਹੋਰ ਕਿਸੀ ਪੁਰਾਣੀ ਕਿਤਾਬ ਵਿਚ ਕੋਈ ਜ਼ਿਕਰ ਨਹੀਂ। ਰਵਾਇਤ ਹੈ ਕਿ ਲੁਕਮਾਨ ਇਕ ਸ਼ਕਤੀਸ਼ਾਲੀ ਹਕੀਮ ਸੀ ਪਰ ਇਸ ਤੋਂ ਇਲਾਵਾ ਉਹ ਹੋਰ ਵੀ ਅਨੇਕਾਂ ਕੰਮਾਂ ਵਿਚ ਨਿਪੁੰਨ ਸੀ।

## ਇਸਲਾਮ ਦੇ ਸਿਧਾਂਤ

ਇਸਲਾਮੀ ਰਵਾਇਤ ਮੁਤਾਬਕ ਕੁਰਾਨ ਦੀ ਮੂਲ ਸ਼ੁੱਧ ਲਿਖਤ ਸਵਰਗ ਵਿਚ ਅੱਲਾਹ ਪਾਸ ਹੈ। ਜਬਰਾਈਲ ਫਰਿਸ਼ਤਾ ਇਕ ਪੰਨਾ ਪੜ੍ਹ ਕੇ ਧਰਤੀ ਉੱਤੇ ਉਤਰ ਕੇ ਮੁਹੰਮਦ ਨੂੰ ਸੁਣਾ ਕੇ ਜਾਂਦਾ ਸੀ। ਹਜ਼ਰਤ ਮੁਹੰਮਦ ਸਾਹਿਬ ਆਖਿਆ ਕਰਦੇ ਸਨ ਕਿ ''ਰੱਬ ਕੋਲ ਪਈ ਤਖ਼ਤੀ ਦੀਆਂ ਲਿਖਤਾਂ ਮੇਰੇ ਤੋਂ ਪਹਿਲਾਂ ਵੀ ਪੈਗੰਬਰਾਂ ਰਾਹੀਂ ਲੋਕਾਂ ਤਕ ਪੁਜਦੀਆਂ ਰਹੀਆਂ ਹਨ ਪਰੰਤੂ ਅਗਿਆਨੀ ਲੋਕਾਂ ਨੇ ਉਹਨਾਂ ਦੀ ਸੰਭਾਲ ਨਹੀਂ ਕੀਤੀ। ਹੁਣ ਫਿਰ ਕੁਰਾਨ ਰਾਹੀਂ ਇਹ ਰੱਬੀ ਸੰਦੇਸ਼ ਧਰਤੀ ਤੇ ਉਤਰਿਆ ਹੈ। ਇਸ ਨੂੰ ਹੁਣ ਅਸ਼ੁੱਧ ਨਹੀਂ ਹੋਣ ਦੇਣਾ।'' ਲਿਖਿਆ ਹੈ ''ਇਹ ਉਹ ਪਵਿੱਤਰ ਕਿਤਾਬ ਹੈ ਜਿਸ ਨੂੰ ਮੋਮਨਾਂ (ਪਵਿੱਤਰ ਮਨੁੱਖਾਂ) ਤੋਂ ਬਗੈਰ ਕੋਈ ਨਹੀਂ ਛੂਹ ਸਕਦਾ।''[3] ਅੱਗੇ ਫਿਰ ਦਰਜ ਹੈ, ''ਇਹ ਉਹ ਮਾਣਯੋਗ ਰਿਕਾਰਡ ਹੈ ਜਿਹੜਾ ਸ਼ੁੱਧ ਪਵਿੱਤਰ ਪੰਨਿਆਂ ਉੱਤੇ ਪ੍ਰਕਾਸ਼ਮਾਨ ਹੈ। ਪੈਗੰਬਰ ਮੁਹੰਮਦ ਦੇ ਦਿਲ ਵਿਚ ਸਾਂਭਿਆ ਇਹ ਖ਼ਜਾਨਾ ਉੱਤਮ ਵਿਅਕਤੀ ਲਈ ਲਾਹੇਵੰਦ ਹੋਵੇਗਾ।''[4]

ਕੁਰਾਨ ਦੇ ਪੰਨੇ ਹੂਬਹੂ ਉਸੇ ਪੁਸਤਕ ਦੇ ਪੰਨਿਆਂ ਨਾਲ ਮਿਲਦੇ ਹਨ ਜਿਹੜੀ ਕਿਤਾਬ ਰੱਬ ਦੀ ਦਰਗਾਹ ਵਿਚ ਪਈ ਹੈ, ਇਸ ਕਥਨ ਵਿਰੁੱਧ ਵੀ ਬੜਾ ਸ਼ੋਰ ਪਿਆ। ਵਿਦਵਾਨ ਲੋਕ ਆਖਣ ਲੱਗੇ : ਪਹਿਲੋਂ ਜਿਹੜੇ ਪੈਗੰਬਰ ਰੱਬੀ ਪੈਗਾਮ ਲੈ ਕੇ ਆਏ ਉਹ ਉਹਨਾਂ ਨੇ ਸਮਕਾਲੀ ਲੋਕਾਂ ਦੀਆਂ ਬੋਲੀਆਂ ਵਿਚ ਹੀ ਲਿਖਿਆ। ਕੀ ਰੱਬ ਕੋਲ ਹੋਰ ਕਿਸੇ ਬੋਲੀ ਦੀ ਪੋਥੀ ਨਹੀਂ ? ਕੀ ਰੱਬ ਅਰਬੀ ਤੋਂ ਬਿਨਾਂ ਕੁਝ ਨਹੀਂ ਜਾਣਦਾ ? ਤੇ ਕੀ ਬਾਕੀ ਬੋਲੀਆਂ ਵਿਚ ਰਚੇ ਧਰਮ ਗ੍ਰੰਥ ਫਿਰ ਝੂਠੇ ਹਨ ? ਅਜਿਹੀਆਂ ਸ਼ੰਕਿਆਂ ਦਾ ਉੱਤਰ ਇਹ ਦਿੱਤਾ ਗਿਆ ਕਿ ਰੱਬ ਕੋਲ ਪਈ ਕਿਤਾਬ ਦੀ ਇਬਾਰਤ (ਲਿਪੀ) ਕੇਵਲ ਫ਼ਰਿਸ਼ਤੇ ਹੀ ਪੜ੍ਹ ਸਕਦੇ ਹਨ। ਫਰਿਸ਼ਤੇ ਆਪ ਯਾਦ ਕਰਕੇ ਉਸ ਸੰਦੇਸ਼ ਨੂੰ ਲੋਕ-ਬੋਲੀ ਵਿਚ ਸਥਾਨਕ ਪੈਗੰਬਰ ਤਕ ਅਪੜਾ ਦਿੰਦੇ ਹਨ। ਕੁਰਾਨ ਤੋਂ ਇਹ ਵੀ ਸਬੂਤ ਮਿਲਦਾ ਹੈ ਕਿ ਮੁਹੰਮਦ ਸਾਹਿਬ ਨੇ ਆਪ ਇਸ ਗ੍ਰੰਥ ਦੀ ਰਚਨਾ ਨਹੀਂ ਕੀਤੀ, ਉਹਨਾਂ ਨੇ ਤਾਂ ਫਰਿਸ਼ਤੇ ਤੋਂ ਸੁਣ ਕੇ ਆਪਣੇ ਮੁਰੀਦਾਂ ਨੂੰ ਅੱਗੇ ਸੁਣਾ ਦਿੱਤਾ ਜਿਨ੍ਹਾਂ ਨੇ ਪਿਛੋਂ ਲਿਖ ਲਿਆ। ਸੋ ਕੁਰਾਨ ਦੇ ਬਚਨ ਰੱਬੀ ਪੈਗਾਮ ਦਾ ਭਾਵ ਅਰਥ ਹਨ, ਹੂਬਹੂ ਉਹੀ ਬੋਲੀ ਨਹੀਂ। ਇਕ ਆਇਤ ਵਿਚ ਲਿਖਿਆ ਹੈ, ''ਐ ਮੁਸਲਮਾਨੋ ! ਰੱਬ ਨੇ ਤੁਹਾਨੂੰ ਪਵਿੱਤਰ ਕਿਤਾਬ ਦਿੱਤੀ ਹੈ ਜੇ ਕੁਝ ਲੋਕ ਇਸ ਕਿਤਾਬ ਦੀਆਂ ਸਿੱਖਿਆਵਾਂ, ਜਾਂ ਇਸ ਦੇ ਇਲਹਾਮ ਉੱਤੇ ਸ਼ੱਕ ਕਰਨ ਤੇ ਮਖੌਲ ਉਡਾਉਣ ਤਾਂ ਉਹਨਾਂ ਕੋਲ ਨਾ ਬੈਠੋ। ਜੇ ਬੈਠਣਾ ਹੀ ਪਏ ਤਾਂ ਹੋਰ ਕੋਈ ਗੱਲ ਛੇੜੋ।''[1]

ਕੁਰਾਨ ਦੀਆਂ ਵਧੇਰੇ ਆਇਤਾਂ ਤਾਂ ਜ਼ੈਦ ਇਬਨ ਤਾਬੀਤ ਨੇ ਉਦੋਂ ਸੰਭਾਲ ਲਈਆਂ ਸਨ ਜਦੋਂ ਮੁਹੰਮਦ ਸਾਹਿਬ ਉਹਨਾਂ ਨੂੰ ਘਰ ਆ ਕੇ ਸੁਣਾਇਆ ਕਰਦੇ ਸਨ। ਕੁਝ ਕੁ ਭੁੱਲ ਵੀ ਗਈਆਂ। ਮੁਹੰਮਦ ਸਾਹਿਬ ਦੀ ਬੀਵੀ ਆਇਸ਼ਾ ਕੁਰਾਨ ਦੇ ਇਹਨਾਂ ਪੰਨਿਆਂ ਦਾ ਬੰਡਲ ਖੁਦ ਵੀ ਤਿਆਰ ਕਰਕੇ ਮੁਹੰਮਦ ਸਾਹਿਬ ਪਾਸ ਰਖਦੀ ਸੀ। ਜਦੋਂ ਮੁਹੰਮਦ ਸਾਹਿਬ

---

1. **ਕੁਰਾਨ–45.3**
2. **ਕੁਰਾਨ–34.43**
3. **ਕੁਰਾਨ–66 76**
4. ਕੁਰਾਨ–80 : 11.4

ਬਿਮਾਰ ਹੋ ਗਏ ਤਾਂ ਉਹਨਾਂ ਦੇ ਸਿਰਹਾਣੇ ਹੇਠ ਪਏ ਇਸ ਬੰਡਲ ਨੂੰ ਕੀੜਾ ਲੱਗ ਗਿਆ ਅਤੇ ਬਹੁਤ ਸਾਰੇ ਪੰਨੇ ਨਸ਼ਟ ਹੋ ਗਏ। ਪਰੰਪਰਾ ਅਨੁਸਾਰ ਹੋਰ ਵੀ ਬਹੁਤ ਸਾਰੇ ਲੋਕ ਸਨ ਜਿਨ੍ਹਾਂ ਨੇ ਕੁਰਾਨ ਦੀ ਨਕਲ ਉਸ ਵੇਲੇ ਕਰ ਲਈ। ਵਧੇਰੇ ਵਿਦਵਾਨਾਂ ਦਾ ਇਹ ਮੱਤ ਹੈ ਕਿ ਕੁਰਾਨ ਮੁਹੰਮਦ ਦੇ ਅਕਾਲ ਚਲਾਣੇ ਪਿਛੋਂ ਹੀ ਲਿਖਤ 'ਚ ਲਿਆਂਦਾ ਗਿਆ। ਇਬਨ ਮਸੂਦ ਪਾਸ ਵੀ ਕੁਰਾਨ ਦੀ ਇਕ ਨਕਲ ਸੀ ਪਰ ਉਸ ਵਿਚ ਕੁਝ ਭਿੰਨਤਾ ਸੀ। ਜਦੋਂ ਮੁਸਲਮਾਨਾਂ ਨੇ ਉਸ ਨੂੰ ਉਹ ਸ਼ਬਦ ਕੱਟਣ ਲਈ ਕਿਹਾ ਜਿਹੜੇ ਪ੍ਰਵਾਣਿਤਕੁਰਾਨ ਵਿਚ ਨਹੀਂ ਸਨ ਤਾਂ ਉਸ ਨੇ ਕਿਹਾ– ''ਮੈਂ 70 ਸੂਰਾਹ ਹਜ਼ਰਤ ਮੁਹੰਮਦ ਸਾਹਿਬ ਦੇ ਮੁੱਖ ਵਿਚੋਂ ਉਚਾਰੇ ਜਾਂਦੇ ਹੋਏ ਸੁਣੇ ਸਨ। ਮੈਂ ਇਕ ਸ਼ਬਦ ਵੀ ਨਹੀਂ ਬਦਲਾਂਗਾ।'' 322 ਹਿਜਰੀ ਸੰਮਤ ਤਕ ਉਸ ਦੀ ਲਿਖਤ ਪ੍ਰਚਲਤ ਰਹੀ ਪਰ ਪਿਛੋਂ ਜਿਹੜੇ ਬੰਦੇ ਇਸ ਦਾ ਪਾਠ ਕਰਦੇ ਸਨ ਉਹਨਾਂ ਨੂੰ ਕਤਲ ਕੀਤਾ ਜਾਣ ਲਗਿਆ ਅਤੇ ਇਬਨ ਮਸੂਦ ਦੀ ਕੁਰਾਨ ਦੀਆਂ ਸਾਰੀਆਂ ਜਿਲਦਾਂ ਸਾੜ ਸੁਟੀਆਂ ਕਿਉਂਕਿ ਪਾਕਿ ਕੁਰਾਨ ਦੇ ਸ਼ਬਦਾਂ ਤੋਂ ਬਿਨਾਂ ਹੋਰ ਹਰ ਬੋਲ ਕੁਫਰ ਹੈ। ਇਕ ਮੁਸਲਮਾਨ ਪਵਿੱਤਰ ਔਰਤ ਨੇ 40 ਸਾਲ ਕੁਰਾਨ ਦੇ ਸ਼ਬਦਾਂ ਤੋਂ ਬਿਨਾਂ ਹੋਰ ਕੋਈ ਬੋਲ ਮੂੰਹੋਂ ਨਹੀਂ ਕੱਢਿਆ ਕਿਉਂਕਿ ਉਸ ਦਾ ਖਿਆਲ ਸੀ ਕਿ ਅਜਿਹਾ ਕਰਨ ਨਾਲ ਵੱਡੀ ਸਜ਼ਾ ਮਿਲੇਗੀ।

ਜੰਗਾਂ ਯੁੱਧਾਂ ਦਾ ਸਮਾਂ ਸੀ। ਨਿੱਤ ਨਵੀਆਂ ਵੰਗਾਰਾਂ ਆਉਂਦੀਆਂ ਸਨ। ਇਹਨਾਂ ਦਿਨਾਂ ਵਿਚ ਕੁਰਾਨ ਦੀਆਂ ਪੋਥੀਆਂ ਦੇ ਨਸ਼ਟ ਹੋ ਜਾਣ ਦਾ ਪੂਰਾ ਡਰ ਸੀ। ਇਸ ਗੱਲੋਂ ਮੁਸਲਮਾਨ ਬੜੇ ਚੇਤੰਨ ਸਨ। ਉਹਨਾਂ ਨੇ ਪੂਰੀ ਜ਼ਿੰਮੇਵਾਰੀ ਨਾਲ ਇਹ ਪਵਿੱਤਰ ਗ੍ਰੰਥ ਸੰਭਾਲਿਆ। ਕਿਤੇ ਕਿਤੇ ਕੁਰਾਨ ਦੀਆਂ ਆਇਤਾਂ ਦੇ ਭਾਵਾਂ ਵਿਚ ਵੱਡੇ ਵੱਡੇ ਅੰਤਰ ਹਨ। ਇਕ ਥਾਂ ਮੁਹੰਮਦ ਸਾਹਿਬ ਆਖਦੇ ਹਨ ਕਿ ਸੌ ਮੁਸਲਮਾਨ ਇਕ ਹਜ਼ਾਰ ਕਾਫਰਾਂ ਉੱਤੇ ਫਤਹਿ ਪਾ ਲੈਣਗੇ। ਦੂਜੀ ਥਾਂ ਲਿਖਿਆ ਹੈ ਕਿ ਸੌ ਮੁਸਲਮਾਨ ਦੋ ਸੌ ਕਾਫ਼ਰਾਂ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹਨ। ਇਕ ਥਾਂ ਬਦਰ ਦੀ ਜੰਗ ਵਿਚ ਰੱਬ ਸਿਪਾਹੀਆਂ ਨਾਲ ਵਾਅਦਾ ਕਰਦਾ ਹੈ ਕਿ ਮੈਂ ਮਦਦ ਵਾਸਤੇ ਇਕ ਹਜ਼ਾਰ ਫ਼ਰਿਸਤੇ ਭੇਜਾਂਗਾ ਪਰੰਤੂ ਕਿਸੇ ਅਗਲੀ ਆਇਤ ਵਿਚ ਆਖਿਆ ਕਿ ਮੈਂ ਤਿੰਨ ਹਜ਼ਾਰ ਫ਼ਰਿਸ਼ਤੇ ਭੇਜਾਂਗਾ। ਇਹ ਗਿਣਤੀ ਕਿਉਂ ਵਧ ਗਈ ? ਲਗਦਾ ਇਹੋ ਹੈ ਕਿ ਕਿਉਂਕਿ ਮੁਹੰਮਦ ਸਾਹਿਬ ਦੀ ਮੌਤ ਤੋਂ ਬਾਅਦ ਕੁਰਾਨ ਦਾ ਸੰਪਾਦਨ ਹੋਇਆ ਇਸ ਕਰਕੇ ਅਜਿਹੀਆਂ ਭਿੰਨਤਾਵਾਂ ਲਿਖਾਰੀਆਂ ਦੀਆਂ ਗਲਤੀਆਂ ਸਦਕਾ ਹੋਈਆਂ, ਹਜ਼ਰਤ ਮੁਹੰਮਦ ਸਾਹਿਬ ਨੇ ਇਕੋ ਗੱਲ ਕਹੀ ਹੋਵੇਗੀ। ਹਰੀਤਾਹ ਦੇ ਬੇਟੇ ਮੁਜ਼ਾਮੀ ਨੇ ਕੁਰਾਨ ਦੀਆਂ ਲਿਖਤਾਂ ਇਕੱਤਰ ਕਰਨ ਦਾ ਉਪਰਾਲਾ ਕੀਤਾ। ਉਹ ਉਹਨਾਂ ਬੰਦਿਆਂ ਨੂੰ ਬਕਾਇਦਾ ਇਨਾਮ ਦਿੰਦਾ ਜਿਹੜੇ ਕੁਰਾਨ ਦੀਆਂ ਨਕਲਾਂ ਉਸ ਪਾਸ ਲਿਆਉਂਦੇ। ਇਸ ਨੇਕ ਕੰਮ ਵਿਚ ਉਸ ਨੇ ਬੜਾ ਨਾਮਣਾ ਖੱਟਿਆ ਤੇ ਅਮੋਲਕ ਲਿਖਤਾਂ ਸੰਭਾਲੀਆਂ।

ਕੁਰਾਨ ਸੰਬੰਧੀ ਅਜਿਹੀਆਂ ਬੜੀਆਂ ਗੱਲਾਂ ਪ੍ਰਚੱਲਤ ਰਹੀਆਂ ਹਨ ਕਿ ਇਸ ਵਿਚ ਕਰਾਮਾਤਾਂ ਨਾਲ ਭਰਪੂਰ ਸਮੱਗਰੀ ਭਰੀ ਹੋਈ ਹੈ। ਇਕ ਵਾਕਿਆ ਅਜਿਹਾ ਦਰਜ ਹੈ ਕਿ ਮੁਹੰਮਦ ਸਾਹਿਬ ਨੇ ਚੰਨ ਦੀ ਦਿਸ਼ਾ ਵਲ ਉਂਗਲ ਕਰਕੇ ਚੰਨ ਨੂੰ ਦੋਫਾੜ ਕਰ ਦਿੱਤਾ। ਜਦੋਂ ਯੂਸਫ ਦੇ ਭਾਰਾਵਾਂ ਨੇ ਮਸੀਹ ਵਿਰੁੱਧ ਸਾਜ਼ਿਸ਼ ਰਚੀ ਤਾਂ ਬੇਸ਼ਕ ਮੁਹੰਮਦ ਉਥੇ ਮੌਜੂਦ ਨਹੀਂ ਸੀ ਪਰੰਤੂ ਉਸ ਨੂੰ ਇਸ ਦਾ ਪਤਾ ਸੀ। ਮੁਹੰਮਦ ਨੇ ਯਹੂਦੀਆਂ ਦੀ ਹਾਰ ਦੀ ਪਹਿਲੋਂ ਹੀ ਭਵਿੱਖਬਾਣੀ ਕਰ ਦਿੱਤੀ ਸੀ। ਕੁਰਾਨ ਦੀਆਂ ਕਰਾਮਾਤਾਂ ਉਤੇ ਜਿਸ ਵਿਅਕਤੀ ਨੇ ਸ਼ੰਕਾ ਕੀਤਾ, ਮੱਧ ਯੁੱਗ ਵਿਚ ਉਸ ਦਾ ਇਲਾਜ ਤਲਵਾਰ ਨਾਲ ਉਸ ਦੀ ਗਰਦਨ ਉਤਾਰ ਕੇ ਕੀਤਾ ਜਾਂਦਾ ਸੀ।

ਇਸਲਾਮ ਵਿਚ ਕੁਰਾਨ ਦੀ ਭਾਰੀ ਮਹੱਤਤਾ ਹੈ। ਹਰੇਕ ਮੁਸਲਮਾਨ ਲਈ ਦਿਨ ਵਿਚ ਪੰਜ ਵਾਰ ਨਮਾਜ਼ ਪੜ੍ਹਨ ਦਾ ਹੁਕਮ ਹੈ। ਸਾਰੀਆਂ ਸਮਾਜਿਕ ਸਮੱਸਿਆਵਾਂ ਅਤੇ ਨੈਤਿਕ ਕਾਨੂੰਨ ਕੁਰਾਨ ਦੀਆਂ ਹਦਾਇਤਾਂ ਅਨੁਸਾਰ ਹੱਲ ਕੀਤੇ ਜਾਂਦੇ ਹਨ। ਮੁਹੰਮਦ ਸਾਹਿਬ ਖੁਦ ਕੁਰਾਨ ਦਾ ਪਾਠ ਹਰ ਰੋਜ਼ ਕਰਿਆ ਕਰਦੇ ਸਨ। ਉੱਚੀਆਂ ਹੇਕਾਂ ਨਾਲ ਮਸਜਿਦਾਂ ਦੇ ਮੀਨਾਰਾਂ ਉਤੋਂ ਕੁਰਾਨ ਦੀਆਂ ਆਇਤਾਂ ਦਾ ਪਾਠ ਕੀਤਾ ਜਾਂਦਾ ਹੈ। ਬੱਚਿਆਂ ਨੂੰ ਕੁਰਾਨ ਜ਼ਬਾਨੀ ਯਾਦ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਤੇ ਜਿਸ ਨੂੰ ਕੁਰਾਨ ਜ਼ੁਬਾਨੀ ਯਾਦ ਹੋ ਜਾਵੇ ਉਸ ਨੂੰ 'ਹਾਫਿਜ਼' ਦੀ ਉਪਾਧੀ ਨਾਲ ਸਨਮਾਨਿਆ ਜਾਂਦਾ ਹੈ। ਸਾਰਾ ਇਸਲਾਮੀ ਸਾਹਿਤ ਅਤੇ ਸੂਫੀ ਸ਼ਾਇਰੀ ਕੁਰਾਨ ਉਤੇ ਹੀ ਅਧਾਰਿਤ ਹੈ। ਕੁਰਾਨ ਵਿਚੋਂ ਹੀ ਉਤਸ਼ਾਹ ਹਾਸਿਲ ਕਰਕੇ ਮੁਸਲਮਾਨਾਂ ਨੇ ਸੰਸਾਰ ਨੂੰ ਜਿੱਤਣ ਦਾ ਫੈਸਲਾ ਕੀਤਾ ਸੀ। ਕੁਰਾਨ ਵਿਸ਼ਵ ਭਰ ਦੇ ਹਰੇਕ ਮੁਸਲਮਾਨ ਨੂੰ ਦੂਜੇ ਮੁਸਲਮਾਨ ਨਾਲ ਭਰਾਵਾਂ ਵਾਂਗ ਜੋੜਦਾ ਹੈ।

---

**1. ਕੁਰਾਨ– 4.139**

## ਪਾਰਸੀ ਧਰਮ : ਮੁਢਲੀ ਜਾਣ-ਪਛਾਣ

ਪਾਰਸੀ ਧਰਮ ਵਿਸ਼ਵ ਦੇ ਪੁਰਾਤਨ ਅਤੇ ਮਹੱਤਵਪੂਰਨ ਧਰਮਾਂ ਵਿਚੋਂ ਇਕ ਹੈ। ਇਸ ਧਰਮ ਨੂੰ ਮੰਨਣ ਵਾਲੇ ਅੱਜ ਕੱਲ੍ਹ ਮੁੱਖ ਤੌਰ 'ਤੇ ਈਰਾਨ ਅਤੇ ਭਾਰਤ ਵਿਚ ਰਹਿੰਦੇ ਹਨ। ਪਾਰਸੀਆਂ ਦੀ ਈਰਾਨ ਵਿਚ ਵਰਤਮਾਨ ਜਨ-ਸੰਖਿਆ 30,000 ਦੇ ਲਗਭਗ ਹੈ। ਭਾਰਤ ਵਿਚ ਪਾਰਸੀ ਮੁੱਖ ਤੌਰ ਤੇ ਸੂਰਤ ਅਤੇ ਬੰਬਈ ਦੇ ਇਰਦ ਗਿਰਦ ਰਹਿੰਦੇ ਹਨ। ਨਵਸਾਰੀ ਬਾਲਸਰ ਅਤੇ ਭੜੋਚਾ ਆਦਿ ਸ਼ਹਿਰਾਂ ਵਿਚ ਭੀ ਪਾਰਸੀਆਂ ਦੀ ਗਿਣਤੀ ਕਾਫੀ ਹੈ। ਇਨ੍ਹਾਂ ਤੋਂ ਇਲਾਵਾ ਪਾਰਸੀ ਭਾਰਤ ਦੇ ਦੂਜੇ ਰਾਜਾਂ ਵਿਚ ਭੀ ਰਹਿੰਦੇ ਹਨ ਪਰ ਉਹ ਭਾਰਤ ਦੇ ਉੱਤਰੀ ਭਾਗ ਵਿਚ ਬਹੁਤੀ ਗਿਣਤੀ ਵਿਚ ਨਹੀਂ ਰਹਿੰਦੇ। ਇਸ ਕਰਕੇ ਪੰਜਾਬ ਵਿਚ ਕੋਈ ਪਾਰਸੀ ਨਜ਼ਰ ਨਹੀਂ ਆਉਂਦਾ। ਭਾਰਤ ਵਿਚ ਪਾਰਸੀਆਂ ਦੀ ਵਰਤਮਾਨ ਜਨ-ਸੰਖਿਆ ਲਗਭਗ ਦੋ ਲੱਖ ਹੈ। ਸਾਡੇ ਸਮਾਜਕ ਅਤੇ ਸਭਿਆਚਾਰਕ ਜੀਵਨ ਉਤੇ ਪਾਰਸੀਆਂ ਦਾ ਪ੍ਰਭਾਵ ਉਨ੍ਹਾਂ ਦੀ ਜਨ-ਸੰਖਿਆ ਦੇ ਮੁਕਾਬਲੇ ਵਿਚ ਬਹੁਤ ਜ਼ਿਆਦਾ ਪਿਆ ਹੈ।

ਪਾਰਸੀ ਧਰਮ ਦਾ ਮਹੱਤਵ ਬਹੁਪੱਖੀ ਹੈ। ਪਾਰਸੀ ਧਰਮ ਪੁਰਾਤਨ ਧਰਮਾਂ ਵਿਚੋਂ ਇਕ ਹੈ ਅਤੇ ਇਸ ਧਰਮ ਦੇ ਬਾਨੀ ਨੇ ਆਪਣੇ ਪੈਰੋਕਾਰਾਂ ਨੂੰ ਪਰਮਾਤਮਾ ਦੀ ਸਚਾਈ ਵਿਚ ਵਿਸ਼ਵਾਸ ਰਖਣ ਦੀ ਸਿੱਖਿਆ ਦਿੱਤੀ। ਉਸ ਵੇਲੇ ਇਸ ਧਰਮ ਦੇ ਜਨਮ ਲੈਣ ਵਾਲੇ ਦੇਸ਼ ਫਾਰਸ (Persia) ਦੇ ਲੋਕ ਬਹੁਦੇਵਵਾਦ ਵਿਚ ਵਿਸ਼ਵਾਸ ਕਰਦੇ ਸਨ। ਪਾਰਸੀ ਧਰਮ ਧਾਰਮਿਕ ਜੀਵਨ ਨੂੰ ਨੈਤਿਕ ਜੀਵਨ ਦੇ ਰੂਪ ਵਿਚ ਬਤੀਤ ਕਰਨ ਤੇ ਜ਼ੋਰ ਦਿੰਦਾ ਹੈ।

ਪਾਰਸੀ ਧਰਮ ਦਾ ਮੁਢਲਾ ਇਤਿਹਾਸ ਅਤੇ ਇਸ ਧਰਮ ਦੇ ਮੋਢੀ ਬਾਰੇ ਪੂਰੀ ਜਾਣਕਾਰੀ ਨਹੀਂ ਮਿਲਦੀ ਹੈ। ਇਸ ਧਰਮ ਨਾਲ ਸੰਬੰਧਿਤ ਬਹੁਤ ਸਾਰਾ ਧਾਰਮਿਕ ਸਾਹਿਤ ਗੁਆਚ ਚੁੱਕਾ ਹੈ। ਪਰ ਫਿਰ ਭੀ ਇਸ ਧਰਮ ਦੇ ਮੋਢੀ ਜ਼ਰਤੁਸਤ (Zarathushtra) ਦੀ ਜੀਵਨੀ ਤੇ ਸਿੱਖਿਆਵਾਂ ਬਾਰੇ ਬਹੁਤ ਕੁਝ ਭਰੋਸੇਯੋਗ ਜਾਣਕਾਰੀ ਇਸ ਧਰਮ ਦੇ ਧਾਰਮਿਕ ਗ੍ਰੰਥ 'ਅਵੇਸਤਾ' ਦੇ ਇਕ ਭਾਗ 'ਗਾਥਾ' (Gathas) ਤੋਂ ਪ੍ਰਾਪਤ ਹੁੰਦੀ ਹੈ। ਬਹੁਤ ਸਾਰੀਆਂ ਪਹਿਲਵੀ (Pahalavi) ਲਿਖਤਾਂ ਅਤੇ ਪਰੰਪਰਾਵਾਂ ਭੀ ਇਸ ਮੰਤਵ ਲਈ ਸਹਾਈ ਸਾਬਤ ਹੁੰਦੀਆਂ ਹਨ।

### ਇਤਿਹਾਸਕ ਪਿਛੋਕੜ

ਜ਼ਰਤੁਸਤ (Zarathushtra) ਦੇ ਸਮੇਂ ਬਹੁਤ ਸਾਰੇ ਈਰਾਨੀ ਲੋਕ ਆਧੁਨਿਕ ਫਾਰਸ, ਅਫਗਾਨਿਸਤਾਨ ਅਤੇ ਅੱਜ ਦੇ ਸੋਵੀਅਤ ਯੂਨੀਅਨ ਦੇ ਭਾਗਾਂ-ਤੁਰਕਮੇਨਿਸਤਾਨ, ਉਜ਼ਬੇਕਿਸਤਾਨ ਅਤੇ ਤਜ਼ਾਕਿਸਤਾਨ ਵਿਚ ਵਸ ਚੁੱਕੇ ਸਨ। ਇਨ੍ਹਾਂ ਥਾਵਾਂ ਦੇ ਵੱਸਣ ਵਾਲੇ ਲੋਕਾਂ ਨੂੰ ਪੱਛਮੀ ਲੋਕ ਮੀਡਜ਼ (Medes) ਅਤੇ ਪਰਸ਼ੀਅਨ (Persians) ਕਰਕੇ ਜਾਣਦੇ ਸਨ ਪਰ ਇਨ੍ਹਾਂ ਥਾਵਾਂ ਤੇ ਪਾਰਥੀ (Parthians), ਬੈਕਟ੍ਰੀ (Bactrians), ਕੋਰੈਸਮੀ (Chorasmians), ਸੋਘਦੀ (Soghadians) ਅਤੇ ਕਈ ਹੋਰ ਕਬੀਲੇ ਭੀ ਵਸਦੇ ਸਨ। ਇਨ੍ਹਾਂ ਕਬੀਲਿਆਂ ਨੇ ਕਰੈਸਮੀਆਂ ਦੇ ਅਧੀਨ ਇਕ ਪ੍ਰਕਾਰ ਦਾ ਸੰਘ (Federation) ਸਥਾਪਿਤ ਕਰ ਲਿਆ ਸੀ। ਪਾਰਸੀ ਧਰਮ ਦੀ ਸਿੱਖਿਆ ਪਹਿਲੋਂ ਪਹਿਲ ਇਸ ਧਰਮ ਦੇ ਬਾਨੀ ਦੁਆਰਾ ਇਨ੍ਹਾਂ ਲੋਕਾਂ ਵਿਚ ਫੈਲਾਈ ਗਈ। ਮਗਰੋਂ ਇਸ ਸਿੱਖਿਆ ਨੂੰ ਪੂਰਬੀ ਈਰਾਨ ਦੇ ਰਾਜ ਘਰਾਣੇ ਵਿਸ਼ਤਾਸਪ (Vishtaspa) ਨੇ ਪਰਵਾਨ ਕੀਤਾ।

'ਪਰਸੀਆ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਯੂਨਾਨੀਆਂ ਨੇ ਕੀਤੀ। ਅਸਲ ਵਿਚ ਇਸ ਤੋਂ ਭਾਵ ਆਧੁਨਿਕ ਪਰਸ਼ੀਆਂ ਜਾਂ ਈਰਾਨ ਦੇ ਦੱਖਣ-ਪੱਛਮੀ ਸੂਬੇ ਤੋਂ ਹੈ ਅਤੇ ਇਸ ਵਿਚ ਪਾਰਸ ਜਾਂ ਪਾਰਸ ਦੇ ਵਰਤਮਾਨ ਸੂਬੇ ਦਾ ਖੇਤਰ ਆਉਂਦਾ ਹੈ। ਇਸੇ ਖੇਤਰ ਨੂੰ ਹੀਰੋਡੋਟਸ (Herodotus) ਨੇ 'ਪਰਸਿਸ' (Persis) ਕਿਹਾ ਹੈ। ਹੀਰੋਡੋਟਸ ਦੁਆਰਾ ਵਰਣਨ ਕੀਤਾ ਪਰਸ਼ੀਅਨ ਧਰਮ ਉਨ੍ਹਾਂ ਦੀਆਂ ਰਸਮਾਂ ਅਤੇ ਮਨੌਤਾਂ ਉਤੇ ਸਭ ਤੋਂ ਪਹਿਲਾਂ ਚਾਨਣਾ ਪਾਉਂਦਾ ਹੈ। ਆਧੁਨਿਕ ਫਾਰਸ ਸੂਬੇ ਦੇ ਉੱਤਰ ਵੱਲ ਮੀਡੀਆ ਨਾਂ ਦਾ ਇਕ ਰਾਜ ਹੁੰਦਾ ਸੀ ਜਿਸ ਦੀ ਰਾਜਧਾਨੀ ਏਕਬਟਾਨਾ (Ecbatana) ਹੁੰਦੀ ਸੀ ਜਿਸ ਨੂੰ ਅੱਜ ਕਲ ਹਮਾਦਾਨ (Hamadan) ਨਾਂ ਨਾਲ ਸਦਦੇ ਹਨ। ਮੀਡਜ਼ ਈਰਾਨੀ-ਪਠਾਰ ਦੇ ਉੱਤਰ-ਪੱਛਮ ਵਿਚ ਫੈਲੇ ਹੋਏ ਸਨ। ਮੀਡਜ਼ ਪਰਸ਼ੀਅਨਾਂ ਨਾਲ ਮਿਲਦੇ-ਜੁਲਦੇ ਸਨ ਪਰ ਉਨ੍ਹਾਂ ਦਾ ਰਹਿਣ-ਸਹਿਣ ਅਤੇ ਉਪਭਾਸ਼ਾ ਵੱਖ-ਵੱਖ ਸਨ। ਦੋਵੇਂ ਕਬੀਲੇ ਮੀਡਜ਼ ਅਤੇ ਪਰਸ਼ੀਅਨਾਂ ਨਾਲ ਮਿਲਦੇ ਜੁਲਦੇ ਸਨ ਪਰ ਉਨ੍ਹਾਂ

ਦਾ ਰਹਿਣ-ਸਹਿਣ ਅਤੇ ਉਪਭਾਸ਼ਾ ਵੱਖ-ਵੱਖ ਸਨ। ਦੋਵੇਂ ਕਬੀਲੇ ਮੀਡਜ਼ ਅਤੇ ਪਰਸ਼ੀਅਨਜ਼ ਈਰਾਨੀ ਕੌਮ ਦਾ ਅੰਗ ਸਨ। ਈਰਾਨੀ ਕੌਮ ਭਾਰਤ-ਈਰਾਨੀ ਗਰੁਪ ਦੇ ਇਕ ਵੱਡੇ ਪਰਿਵਾਰ ਦਾ ਅੰਗ ਸੀ। ਸਭਿਆਚਾਰ ਅਤੇ ਭਾਸ਼ਾ ਦ ਦ੍ਰਿਸ਼ਟੀਕੋਣ ਤੋਂ ਭਾਰਤੀ ਅਤੇ ਈਰਾਨੀ ਇਕ ਦੂਜੇ ਦੇ ਬਹੁਤ ਨੇੜੇ ਹਨ। ਪੁਰਾਤਨ ਭਾਰਤੀ ਗ੍ਰੰਥਾਂ-ਵੇਦਾਂ ਦੀ ਭਾਸ਼ਾ, ਪਾਰਸੀਆਂ ਦੇ ਧਰਮ ਗ੍ਰੰਥ-'ਅਵੇਸਤਾ' ਦੀ ਭਾਸ਼ਾ ਨਾਲ ਬਹੁਤ ਮਿਲਦੀ ਜੁਲਦੀ ਹੈ। ਇਹ ਦਿਲਸਚਪ ਗੱਲ ਨੋਟ ਰੱਖਣ ਵਾਲੀ ਹੈ ਕਿ ਭਾਰਤ-ਈਰਾਨੀ ਪਰਿਵਾਰ ਦੇ ਦੋਵੇਂ ਮੈਂਬਰ ਭਾਰਤੀ ਅਤੇ ਈਰਾਨੀ ਪਹਿਲਾਂ ਆਪਣੇ ਆਪ ਨੂੰ ਆਰੀਆਂ ਕਹਿੰਦੇ ਸਨ। 'ਈਰਾਨ' ਸ਼ਬਦ ਦਾ ਸੰਬੰਧ 'ਆਰੀਆਨਮ' ਸ਼ਬਦ ਨਾਲ ਜੋੜਿਆ ਜਾਂਦਾ ਹੈ, ਜਿਸ ਦਾ ਭਾਵ ਹੈ ਕਿ ਆਰੀਆ ਦਾ ਦੇਸ਼। ਉਸ ਸਮੇਂ ਸਾਰੇ ਈਰਾਨ ਉਤੇ ਬਦੇਸ਼ੀ ਹਮਲੇ ਹੁੰਦੇ ਸਨ ਅਤੇ ਬਹੁਤ ਸਾਰੇ ਲੋਕ ਟਪਰੀਵਾਸ ਸਨ। ਕਾਸ਼ਤਕਾਰ ਲੋਕ ਆਪਣੀ ਉਪਜੀਵਕਾ ਲਈ ਬਹੁਤ ਮਿਹਨਤ ਕਰਦੇ ਸਨ ਪਰ ਤੁਰਾਨੀਅਨ ਟਪਰੀਵਾਸ ਉਨ੍ਹਾਂ ਤੇ ਲਕਸਰ ਹਮਲੇ ਕਰਦੇ ਰਹਿੰਦੇ ਸਨ ਅਤੇ ਲੁੱਟ ਮਾਰ ਕਰ ਕੇ ਘਰਾਂ ਨੂੰ ਅੱਗ ਲਾ ਕੇ ਚਲੇ ਜਾਂਦੇ ਸਨ, ਮੁਰਦਿਆਂ ਨੂੰ ਗਿੱਧਾਂ ਖਾਂਦੀਆਂ ਸਨ।

ਉਥੇ ਵਸਣ ਵਾਲੇ ਮਿਰਤਕ ਪੂਰਵਜਾਂ (ਮਰ ਚੁੱਕੇ ਵੱਡੇ-ਵਡੇਰਿਆਂ) ਦੀ ਪੂਜਾ ਕਰਦੇ ਸਨ ਅਤੇ ਮਿਥ੍ਰ, ਇੰਦ੍ਰ ਅਤੇ ਅਨਹਿਤ (Anahita) ਨਾਂ ਦੇ ਦੇਵਤਿਆਂ ਨੂੰ ਵੀ ਪੂਜਦੇ ਸਨ। ਭਾਵੇਂ ਇਹ ਗੱਲ ਪੂਰੇ ਯਕੀਨ ਨਾਲ ਨਹੀਂ ਆਖੀ ਜਾ ਸਕਦੀ ਪਰ ਫਿਰ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਆਮ ਲੋਕ ਦੇਵਤਿਆਂ ਨੂੰ ਪੂਜਦੇ ਸਨ। ਈਰਾਨੀ ਲੋਕਾਂ ਦੇ ਵੱਖ-ਵੱਖ ਦੇਵਤਿਆਂ ਵਿਚ ਮਿਥ੍ਰ (Mithra) ਦਾ ਸਤਿਕਾਰ ਸਭ ਤੋਂ ਵਧੇਰੇ ਸੀ। ਉਹ ਯੁੱਧ ਅਤੇ ਰੌਸ਼ਨੀ ਦਾ ਦੇਵਤਾ ਸੀ। ਇਕ ਹੋਰ ਦੇਵਤਾ ਜਿਸ ਬਾਰੇ ਯੂਨਾਨੀਆਂ ਨੂੰ ਪਤਾ ਸੀ ਅਤੇ ਜਿਸ ਦਾ ਜ਼ਿਕਰ ਪੁਰਾਤਨ ਸ਼ਿਲਾਲੇਖਾਂ ਵਿਚ ਆਉਂਦਾ ਹੈ, ਉਰਾਨੋਸ (Uranos) ਸੀ ਜਿਸ ਦਾ ਮੁਕਾਬਲਾ ਵੈਦਿਕ ਦੇਵਤੇ ਵਰੁਣ (Varuna) ਨਾਲ ਕੀਤਾ ਜਾ ਸਕਦਾ ਸੀ। ਇਸ ਨੂੰ ਬਹੁਤ ਉਚੇ ਨੈਤਿਕ ਆਚਰਣ ਵਾਲਾ ਮੰਨਿਆ ਜਾਂਦਾ ਸੀ। ਇਨ੍ਹਾਂ ਸ਼ਕਤੀਆਂ ਦੀ ਪੂਜਾ ਖੁਲ੍ਹੇ ਅਸਮਾਨ ਹੇਠ ਜਾਂ ਵੇ ਦੀ ਦੁਆਲੇ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਅੱਗੇ ਬਲੀ ਦਿੱਤੀ ਜਾਂਦੀ ਸੀ। ਪੁਰੋਹਿਤ ਅੱਗ ਅਤੇ ਨਸ਼ੀਲੇ ਪੌਦੇ ਹੋਮ (Homma- ਵੈਦਿਕ ਸੋਮ) ਦੀ ਵਰਤੋਂ ਕਰਦੇ ਸਨ। ਇਹ ਅੱਗ ਦੀ ਪੂਜਾ ਬਾਅਦ ਵਿਚ ਪਾਰਸੀ ਧਰਮ ਦਾ ਇਕ ਮਹੱਤਵਪੂਰਣ ਅੰਗ ਬਣ ਗਈ ਸੀ। ਸਮਾਂ ਬੀਤਣ ਦੇ ਨਾਲ ਪੁਰੋਹਿਤ ਪਸ਼ੂਆਂ ਦੀ ਬਲੀ ਉਤੇ ਜ਼ੋਰ ਦੇਣ ਲੱਗ ਪਏ ਸਨ। ਇਹ ਉਥੋਂ ਦੇ ਵਸਣ ਵਾਲਿਆਂ ਦੇ ਆਰਥਿਕ ਜੀਵਨ ਦੇ ਅਨੁਕੂਲ ਨਹੀਂ ਸੀ ਕਿਉਂਕਿ ਖੇਤੀ ਬਾੜੀ ਲਈ ਪਸ਼ੂ ਬਹੁਤ ਜ਼ਰੂਰੀ ਸਨ।

ਹੋਰ ਵੇਰਵੇ ਦੇਣ ਲੱਗਿਆਂ ਪਾਰਸੀ ਧਰਮ ਦੇ ਉਦਗਮ (ਪੈਦਾ ਹੋਣ) ਤੋਂ ਪਹਿਲਾਂ ਈਰਾਨੀ ਲੋਕਾਂ ਦੇ ਧਾਰਮਿਕ ਜੀਵਨ ਬਾਰੇ ਕੁਝ ਦੱਸਣਾ ਲਾਹੇਵੰਦ ਹੋਵੇਗਾ। ਇਹ ਜਾਣਕਾਰੀ ਦੋ ਪ੍ਰਕਾਰ ਦੇ ਦੇਵਤਿਆਂ ਦੀ ਹੋਂਦ ਸੰਬੰਧੀ ਹੈ। ਇਸ ਥਾਂ ਇਸ ਦਾ ਜ਼ਿਕਰ ਦੋ ਕਾਰਣਾਂ ਕਰਕੇ ਜ਼ਰੂਰੀ ਹੈ। ਪਹਿਲਾਂ, ਜ਼ਰਤੁਸਤ (Zarathushtra) ਨੇ ਦੋ ਪ੍ਰਕਾਰ ਦੇ ਦੇ ਵਤਿਆਂ (Deities) ਵਿਚੋਂ ਕੇਵਲ ਇਕੋ ਕਿਸਮ ਨੂੰ ਮੰਨਿਆ ਅਤੇ ਦੂਜੇ, ਉਸ ਨੇ ਪਰਵਾਨ ਕੀਤੀ ਕਿਸਮ ਦੇ ਬਹੁਤ ਸਾਰੇ ਦੇਵਤਿਆਂ ਨੂੰ ਇਕ ਸੁਘੜ ਪਰਮਾਤਮਾ (The Wise Lord) ਵਿਚ ਬਦਲ ਦਿੱਤਾ। ਦੋ ਪ੍ਰਕਾਰ ਦੇ ਦੇਵਤੇ ਦੇ ਵ (Devas) ਅਤੇ ਅਸੁਰ (Asuras) ਸਨ। ਜ਼ਰੁਸੁਸਤ ਨੇ ਦੇਵਾਂ ਨੂੰ ਨਹੀਂ ਮੰਨਿਆ। ਉਸ ਦੇ ਅਨੁਸਾਰ ਇਹ ਦੇ ਵਤੇ ਨਹੀਂ ਸਨ ਸਗੋਂ ਬਦੀ ਦੀਆਂ ਸ਼ਕਤੀਆਂ ਸਨ। ਜ਼ਰਤੁਸਤ ਦੇ ਪੈਰੋਕਾਰ ਉਨ੍ਹਾਂ ਨੂੰ ਦੈਂਤ (Demons) ਸੱਦਣ ਲੱਗੇ । 'ਅਸੁਰ' ਸ਼ਬਦ 'ਅਹੁਰ' ਸ਼ਬਦ ਵਿਚ ਤਬਦੀਲ ਹੋ ਗਿਆ ਅਤੇ ਇਸ ਸ਼ਬਦ ਦੀ ਵਰਤੋਂ ਇਕ ਸਰਬ-ਸ਼ਕਤੀਮਾਨ ਪਰਮਾਤਮਾ ਲਈ ਕੀਤੀ ਜਾਣ ਲੱਗ ਪਈ। ਜ਼ਤੂਸਤ ਨੇ 'ਅਹੁਰ' ਸ਼ਬਦ ਦੇ ਨਾਲ 'ਮਜ਼ਦ' (Wise) ਪਿਛੇਤਰ ਲਾਇਆ ਅਤੇ ਇਸ ਤਰ੍ਹਾਂ ਪਾਰਸੀ ਧਰਮ ਵਿਚ ਇਕ ਪਰਮਾਤਮਾ ਦਾ ਨਾਂ 'ਅਹੁਰਮਜ਼ਦ' ਪੈ ਗਿਆ। ਇਨ੍ਹਾਂ ਦੋ ਪ੍ਰਕਾਰ ਦੇ ਦੇ ਵਤਿਆਂ (Deities) ਦੀ ਹੋਂਦ ਲੋਕਾਂ ਦੀਆਂ ਦੋ ਸ਼੍ਰੇਣੀਆਂ ਦੇ ਵਿਸ਼ਵਾਸ ਦੇ ਸਿੱਟੇ ਵਜੋਂ ਮੰਨੀ ਜਾਂਦੀ ਹੈ। ਸੋ ਆਮ ਲੋਕ ਤਾਂ ਦੇਵਾਂ (Devas) ਨੂੰ ਹੀ ਪੂਜਦੇ ਸਨ ਜਦ ਕਿ 'ਅਸੁਰ' (Asuras) ਅਮੀਰ ਅਤੇ ਉਤਲੀ ਸ਼੍ਰੇਣੀ ਦੇ ਦੇਵਤੇ (gods) ਸਨ। ਇਸ ਸੰਬੰਧ ਵਿਚ ਇਕ ਹੋਰ ਦਲੀਲ ਇਹ ਦਿੱਤੀ ਜਾਂਦੀ ਹੈ ਕਿ 'ਦੇਵ' ਨੂੰ ਈਰਾਨ ਦੇ ਉਨ੍ਹਾਂ ਟਪਰੀਵਾਸ ਲੋਕਾਂ ਨੇ ਰੱਬੀ ਸ਼ਕਤੀਆਂ ਵਜੋਂ ਪੂਜਿਆ ਜਿਨ੍ਹਾਂ ਨੇ ਉਥੋਂ ਦੇ ਮੂਲ ਵਸਨੀਕਾਂ ਦੇ ਘਰਾਂ ਅਤੇ ਖੇਤਾਂ ਨੂੰ ਲੁਟਿਆ ਅਤੇ ਸਾੜਿਆ ਮਾਰਿਆ। ਪਰ ਅਸੀਂ ਇਥੇ ਇਹ ਗੱਲ ਯਕੀਨ ਨਾਲ ਕਹਿ ਸਕਦੇ ਹਾਂ ਕਿ ਜ਼ਰਤੁਸਤ ਨੇ 'ਦੇਵਾਂ' ਨੂੰ

ਬੁਰਾਈ ਦੀਆਂ ਪ੍ਰਤੀਕ ਸ਼ਕਤੀਆਂ ਵਜੋਂ ਨਿੰਦਿਆ ਅਤੇ ਲੋਕਾਂ ਨੂੰ ਪਰਮਾਤਮਾ 'ਅਹੁਰਮਜ਼ਦ' ਦੀ ਪੂਜਾ ਕਰਨ ਦੀ ਸਿਖਿਆ ਦਿੱਤੀ।

**ਪਾਰਸੀ ਧਰਮ ਦੇ ਬਾਨੀ ਦਾ ਜੀਵਨ**

ਜ਼ਰਤੁਸਤ ਦੇ ਜਨਮ ਦੀ ਤਾਰੀਖ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਬਹੁਤ ਸਾਰੇ ਪੱਛਮੀ ਵਿਦਵਾਨ ਜ਼ਰਤੁਸਤ ਦਾ ਜਨਮ 650 ਪੂ. ਈ. ਤੋਂ 1000 ਪੂ. ਈ. ਦੇ ਵਿਚਾਲੇ ਮੰਨਦੇ ਹਨ। ਪਰ ਕੁਝ ਹੋਰ ਵਿਦਵਾਨ ਜਿਨ੍ਹਾਂ ਵਿਚ ਪਾਰਸੀ ਭੀ ਸ਼ਾਮਿਲ ਹਨ, ਉਨ੍ਹਾਂ ਦਾ ਜਨਮ 6000 ਤੋਂ 6900 ਪੂ. ਈ. ਦੇ ਵਿਚਾਲੇ ਮੰਨਦੇ ਹਨ। ਅਸੀ ਇਹ ਮੰਨ ਸਕਦੇ ਹਾਂ ਕਿ ਇਸ ਧਰਮ ਦਾ ਮੋਢੀ 500 ਤੋਂ 1000 ਪੂ. ਈ. ਦੇ ਵਿਚਾਲੇ ਹੋਇਆ ਹੈ।

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜ਼ਰਤੁਸਤ ਨੇ ਈਰਾਨ ਦੇ ਸ਼ਹਿਰ ਰਾਏ (ਫ਼ਜ) ਵਿਚ ਜਨਮ ਲਿਆ। ਉਨ੍ਹਾਂ ਦੇ ਪਿਤਾ ਦਾ ਨਾਂ ਪੋਰੂਸ਼ਸ਼ਪ ਮੰਨਿਆ ਜਾਂਦਾ ਹੈ ਜੋ ਸ਼ਾਹੀ ਘਰਾਣੇ ਨਾਲ ਸੰਬੰਧ ਰਖਦਾ ਸੀ। ਕਿਹਾ ਜਾਂਦਾ ਹੈ ਕਿ ਜ਼ਰਤੁਸਤ ਦੇ ਜਨਮ ਬਾਰੇ ਭਵਿੱਖਬਾਣੀ ਬਹੁਤ ਚਿਰ ਪਹਿਲਾਂ ਹੋ ਗਈ ਸੀ। ਇਹ ਮੰਨਿਆ ਜਾਂਦਾ ਸੀ ਕਿ ਜ਼ਰਤੁਸਤ ਪਰਚਲਤ ਬਹੁ-ਦੇਵਾਦ ਅਤੇ ਅਨੈਤਿਕਤਾ ਦੀਆਂ ਸ਼ਕਤੀਆਂ ਦਾ ਨਾਸ਼ ਕਰੇਗਾ। ਇਹ ਭੀ ਕਿਹਾ ਜਾਂਦਾ ਹੈ ਕਿ ਪੋਰੂਸ਼ਸਪ ਨੇ ਬੁੱਤ-ਪੂਜਕ ਪੁਰੋਹਿਤਾਂ ਨਾਲ ਮਿਲ ਕੇ ਨਵ ਜੰਮੇ ਬੱਚੇ ਨੂੰ ਮਾਰਨ ਦੀ ਸਾਜਸ਼ ਰਚੀ। ਪਰ ਮਾਂ ਚੌਕਸ ਸੀ ਅਤੇ ਉਸ ਨੇ ਬੱਚੇ ਦੀ ਉਸ ਦੇ ਦੁਸ਼ਮਣਾਂ, ਜਾਦੂਗਰਾਂ ਅਤੇ ਭੂਤਾਂ ਪਰੇਤਾਂ ਦੇ ਉਪਾਸ਼ਕਾਂ ਤੋਂ ਰਖਿਆ ਕੀਤੀ ਸੀ।

ਕਿਹਾ ਜਾਂਦਾ ਹੈ ਕਿ ਜ਼ਰਤੁਸਤ ਆਪਣੇ ਜਨਮ ਸਮੇਂ ਹੱਸਿਆ ਅਤੇ ਉਸਦੀ ਮਾਤਾ ਦਾ ਘਰ ਰੱਬੀ ਨੂਰ ਨਾਲ ਭਰ ਗਿਆ। ਹਾਸੇ ਤੋਂ ਸੰਕੇਤ ਮਿਲਦਾ ਸੀ ਕਿ ਬੱਚੇ ਦੀ ਉਸ ਦੇ ਦੁਸ਼ਮਣਾਂ ਦੀਆਂ ਸਾਜਸ਼ਾਂ ਵਿਚ ਜਿੱਤ ਹੋਵੇਗੀ ਅਤੇ ਉਹ ਆਪਣੇ ਮਿਸ਼ਨ ਵਿਚ ਕਾਮਯਾਬ ਹੋਵੇਗਾ। ਅਜਿਹੇ ਚਮਤਕਾਰ ਬਾਕੀ ਧਰਮਾਂ ਦੇ ਮੋਢੀਆਂ ਨਾਲ ਵੀ ਜੋੜੇ ਜਾਂਦੇ ਹਨ। ਜ਼ਰਤੁਸਤ ਨੂੰ ਇਕ ਵਿਦਵਾਨ ਦੀ ਨਿਗਰਾਨੀ ਵਿਚ ਰਖਿਆ ਗਿਆ ਜੋ ਬਹੁਤ ਨੇਕ ਅਤੇ ਧਾਰਮਿਕ ਵਿਅਕਤੀ ਸੀ। ਇਸ ਮੁਢਲੀ ਸਿੱਖਿਆ ਨੇ ਮਨੁੱਖੀ ਹੋਂਦ ਦੀਆਂ ਗੁੰਝਲਾਂ ਨੂੰ ਸਮਝਣ ਵਿਚ ਜ਼ਰਤੁਸਤ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਪੰਦਰਾਂ ਵਰ੍ਹੇ ਦੀ ਉਮਰ ਵੇਲੇ ਜ਼ਰਤੁਸਤ ਨੂੰ ਉਸ ਦੇ ਵੱਡੇ-ਵੱਡੇਰਿਆਂ ਦੇ ਧਰਮ ਦੀਆਂ ਰੀਤਾਂ ਤੋਂ ਜਾਣੂ ਕਰਵਾਇਆ ਗਿਆ। ਉਸ ਨੂੰ ਪਵਿੱਤਰ ਚੋਗਾ (ਸੁਦ੍ਰ) ਅਤੇ ਧੋਤੀ (ਕੁਸ਼ਤੀ) ਪਹਿਨਾਈ ਗਈ। ਇਹ ਦੋਵੇਂ ਵਸਤਾਂ ਪਾਰਸੀਆਂ ਦੇ ਦੀਖਿਆ ਸੰਸਕਾਰ ਸਮੇਂ ਅੱਜ ਕਲ ਭੀ ਪਹਿਨੀਆਂ ਜਾਂਦੀਆਂ ਹਨ।

20 ਸਾਲ ਦੀ ਆਯੂ ਵਿਚ ਜ਼ਰਤੁਸਤ ਆਤਮਿਕ ਖੋਜ ਵੱਲ ਲੱਗ ਗਿਆ ਅਤੇ ਆਪਣੇ ਮਾਪਿਆਂ ਅਤੇ ਪਤਨੀ ਨੂੰ ਛੱਡ ਕੇ ਚਲਾ ਗਿਆ। ਇਸ ਆਤਮਿਕ ਖੋਜ ਦੇ ਸੰਬੰਧ ਵਿਚ ਉਹ ਪਵਿੱਤਰ ਅਤੇ ਵਿਦਵਾਨ ਪੁਰਸ਼ਾਂ ਨੂੰ ਮਿਲਣ ਲੱਗਾ। ਇਕ ਵੇਰਾਂ ਜ਼ਰਤੁਸਤ ਨੇ ਲੋਕਾਂ ਦਾ ਇਕ ਇਕੱਠ ਵੇਖਿਆ ਜੋ ਧਾਰਮਿਕ ਮਸਲਿਆਂ ਤੇ ਬਹਿਸ ਕਰ ਰਿਹਾ ਸੀ। ਉਸ ਨੇ ਉਨ੍ਹਾਂ ਤੋਂ ਆਤਮਿਕ ਉੱਨਤੀ ਲਈ ਸਹਾਈ ਦੱਸਿਆ ਗਿਆ। ਗ਼ਰੀਬਾਂ ਨੂੰ ਖਾਣ ਲਈ ਦੇਣਾ ਅਤੇ ਉਨ੍ਹਾਂ ਦੀ ਦੇਖਭਾਲ ਕਰਨਾ, ਪਸ਼ੂਆਂ ਨੂੰ ਖੁਰਾਕ ਦੇਣੀ, ਅੱਗ ਲਈ ਬਾਲਣ ਲਿਆਉਣਾ, ਪਾਣੀ ਵਿਚ ਹੋਮ ਜੂਸ ਛਿੜਕਣਾ ਅਤੇ ਵੱਖ-ਵੱਖ ਦੇਵਾਂ ਨੂੰ ਪੂਜਣਾ। ਜ਼ਰਤੁਸਤ ਨੇ ਦੇਵਾਂ ਦੀ ਪੂਜਾ ਤੋਂ ਇਲਾਵਾ ਬਾਕੀ ਸਭ ਕੁਝ ਕੀਤਾ। ਦੇਵਾਂ ਦੀ ਪੂਜਾ ਨੂੰ ਗ਼ੈਰ-ਧਾਰਮਿਕ ਪਰੰਪਰਾ ਦਸਿਆ।

ਇਸ ਤਰ੍ਹਾਂ ਜ਼ਰਤੁਸਤ ਨੇ ਸਭ ਕੁਝ ਤਿਆਗ ਦਿੱਤਾ ਜਿਸ ਨੂੰ ਉਹ ਗ਼ੈਰ-ਧਾਰਮਿਕ ਸਮਝਦਾ ਸੀ ਭਾਵੇਂ ਬਾਕੀ ਲੋਕਾਂ ਦੀਆਂ ਨਜ਼ਰਾਂ ਵਿਚ ਇਹ ਧਾਰਮਿਕ ਹੁੰਦਾ ਸੀ। ਪਵਿੱਤਰ ਅਤੇ ਵਿਦਵਾਨ ਪੁਰਸ਼ਾਂ ਨਾਲ ਗਿਆਨ, ਗੋਸਟੀਆਂ ਕਰਨ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਆਪਣੇ ਲਈ ਇਕ ਸਹੀ ਧਾਰਮਿਕ ਰਾਹ ਚੁਣਨ ਦਾ ਫੈਸਲਾ ਕਰ ਲਿਆ। ਹੁਣ ਉਨ੍ਹਾਂ ਆਪਣੇ ਲਈ ਪੂਰਨ ਇਕਾਂਤ ਦਾ ਮਾਰਗ ਚੁਣਿਆ। ਵੱਖ-ਵੱਖ ਕਥਾਵਾਂ ਅਨੁਸਾਰ ਉਹ ਸੱਤ ਤੋਂ ਦਸ ਸਾਲ ਤਕ ਪਹਾੜੀ ਦੀ ਇਕ ਗੁਫਾ ਵਿਚ ਰਹੇ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਇਸ ਸਮੇਂ ਦੇ ਦੌਰਾਨ ਬਿਲਕੁਲ ਮੌਨ (ਚੁਪ-ਚਾਪ) ਰਹੇ।

30 ਵਰ੍ਹਿਆਂ ਦੀ ਉਮਰ ਵਿਚ ਜ਼ਰਤੁਸਤ ਨੂੰ ਦੈਵੀ ਇਲਹਾਮ (Divine Revelation) ਦੀ ਪ੍ਰਾਪਤੀ ਹੋਈ। ਇਸ ਇਲਹਾਮ ਸੰਬੰਧੀ ਵੱਖ-ਵੱਖ ਵਿਚਾਰ ਹਨ। ਉਨ੍ਹਾਂ ਨੂੰ ਪਹਿਲਾਂ ਇਲਹਾਮ ਦੈਤਸ ਦਰਿਆ ਦੇ ਕਿਨਾਰੇ ਪ੍ਰਾਪਤ ਹੋਇਆ। ਇਕ ਤੱਥ ਬਹੁਤ ਦਿਲਚਸਪ ਭਰਿਆ ਹੈ ਕਿ ਦਰਿਆ ਦੇ ਨੇੜੇ ਇਲਹਾਮ ਪ੍ਰਾਪਤੀ ਦਾ ਸੰਕਲਪ ਬਹੁਤ ਸਾਰੇ ਧਰਮਾਂ ਵਿਚ ਵੇਖਣ ਨੂੰ ਆਇਆ ਹੈ। ਇਕ ਦੰਦ-ਕਥਾ ਅਨੁਸਾਰ ਮਨੁੱਖ ਤੋਂ ਨੌ ਗੁਣਾਂ ਵੱਡੇ ਆਕਾਰ ਦੀ ਇਕ ਸ਼ਕਲ ਜ਼ਰਤੁਸਤ

ਸਾਹਮਣੇ ਪ੍ਰਗਟ ਹੋਈ। ਇਹ ਸ਼ਕਲ ਬਹਿਮਨ (ਵੋਹੂਮਨੋ) ਦੀ ਸੀ ਜੋ ਨੇਕੀ ਦਾ ਵੱਡਾ ਦੇਵਤਾ ਹੈ। ਕੁਝ ਪ੍ਰਸ਼ਨਾਂ ਮਗਰੋਂ ਜ਼ਰਤੂਸਤ ਨੂੰ ਕਿਹਾ ਗਿਆ ਕਿ ਉਹ ਆਪਣਾ ਭੌਤਿਕ ਸਰੀਰ ਉਥੇ ਛੱਡੇ। ਉਸ ਦੀ ਸ਼ੁਧ ਆਤਮਾ ਨੂੰ ਅਹੁਰਮਜ਼ਦ ਦੇ ਸਨਮੁਖ ਪੇਸ਼ ਕੀਤਾ ਗਿਆ ਜੋ ਸਭ ਤੋਂ ਸਰੇਸ਼ਟ ਅਤੇ ਸਿਆਣਾ ਭਗਵਾਨ ਹੈ। ਅਹੁਰਮਜ਼ਦ ਆਪਣੇ ਦਰਬਾਰ ਵਿਚ ਸੀ ਅਤੇ ਉਸ ਦੇ ਆਲੇ ਦੁਆਲੇ ਫਰਿਸ਼ਤਿਆਂ ਦਾ ਝੁਰਮਟ ਸੀ। ਇਹ ਕਿਹਾ ਜਾਂਦਾ ਹੈ ਕਿ ਫਰਿਸ਼ਤਿਆਂ ਦੀ ਰੌਸ਼ਨੀ ਇਤਨੀ ਚਮਕਦਾਰ ਸੀ ਕਿ ਜ਼ਰਤੂਸਤ ਉਨ੍ਹਾਂ ਵਿਚ ਖਲੋਤਾ ਆਪਣਾ ਪਰਛਾਵਾ ਫਰਸ਼ ਤੇ ਪੈਂਦਾ ਭੀ ਨਾ ਦੇਖ ਸਕਿਆ। ਜ਼ਰਤੁਸਤ ਨੂੰ ਫਿਰ ਉਸ ਧਰਮ ਦੇ ਸਿਧਾਂਤ ਅਤੇ ਕਰਤੱਵਾਂ ਤੋਂ ਜਾਣੂ ਕਰਵਾਇਆ ਗਿਆ ਜਿਸ ਦਾ ਮਗਰੋਂ ਉਸ ਨੇ ਪਰਚਾਰ ਕੀਤਾ। ਜ਼ਰਤੁਸਤ ਨੇ ਇਸ ਮਗਰੋਂ ਅੱਠ ਵਾਰ ਹੋਰ ਅਹੁਰਮਜ਼ਦ ਨਾਲ 'ਵਿਚਾਰ ਵਟਾਂਦਰਾ' ਕੀਤਾ ਜਾਂ ਦੂਜੇ ਸ਼ਬਦਾਂ ਵਿਚ ਉਸ ਨੂੰ ਇਲਹਾਮ ਹੋਇਆ ਅਤੇ ਇਕ ਇਲਹਾਮ (Revelation) ਦਾ ਇਸ ਲੜੀ ਨੂੰ ਸੰਪੂਰਣ ਕਰਨ ਵਿਚ ਆਪਣਾ ਮਹੱਤਵ ਹੈ।

ਜ਼ਰਤੂਸਤ ਨੇ ਅਹੁਰਮਜ਼ਦ ਦਾ ਪੈਗਾਮ ਲੋਕਾਂ ਤਕ ਪਹੁੰਚਾਣਾ ਸ਼ੁਰੂ ਕੀਤਾ। ਬਹੁਤ ਵਾਰੀ ਲੋਕਾਂ ਵਲੋਂ ਇਸ ਦੀ ਵਿਰੋਧਤਾ ਕੀਤੀ ਗਈ। ਉਨ੍ਹਾਂ ਹਾਕਮਾਂ ਨੇ ਜ਼ਰਤੂਸਤ ਨੂੰ ਕੰਦ ਦੀਆਂ ਸਜ਼ਾਵਾਂ ਭੀ ਦਿੱਤੀਆਂ ਜੋ ਜਾਂ ਤਾਂ ਇਸ ਨਵੇਂ ਧਰਮ ਤੋਂ ਡਰਦੇ ਸਨ ਜਾਂ ਪਹਿਲੇ ਪਰਚਲਤ ਧਰਮਾਂ ਪ੍ਰਤੀ ਸਨੇਹ ਦੀ ਭਾਵਨਾ ਰਖਦੇ ਸਨ। ਜ਼ਰਤੁਸਤ ਨੇ ਨਵੇਂ ਧਰਮ ਦਾ ਹਾਕਮਾਂ ਤਕ ਪਰਚਾਰ ਕਰਨ ਅਤੇ ਉਨ੍ਹਾਂ ਨੂੰ ਨਵੇਂ ਧਰਮ ਦੇ ਅਨੁਯਾਈ ਬਣਾਉਣ ਹਿੱਤ ਆਪਣੇ ਵਲੋਂ ਪੂਰੀ ਵਾਹ ਲਾਈ। ਇਸ ਸਮੇਂ ਦੀਆਂ ਕਥਾਵਾਂ ਵਿਚ ਜ਼ਰਤੁਸਤ ਨੇ ਅਹੁਰਮਜ਼ਦ ਨਾਲ ਕਈ ਵਾਰੀ ਸਲਾਹ ਮਸ਼ਵਰਾ ਕੀਤਾ। ਇਨ੍ਹਾਂ ਮਸ਼ਵਰਿਆਂ ਅਤੇ ਉਸ ਦੀ ਦ੍ਰਿੜ੍ਹਤਾ ਨੇ ਜ਼ਰਤੁਸਤ ਨੂੰ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਭੀ ਨਵੇਂ ਧਰਮ ਦੇ ਪਰਚਾਰ ਵਿਚ ਲਾਈ ਰਖਿਆ।

ਜ਼ਰਤੁਸਤ ਦਾ ਪਹਿਲਾਂ ਸ਼ਾਹੀ ਅਨੁਯਾਈ ਪੂਰਬੀ ਈਰਾਨ ਦੇ ਕਿਸੇ ਭਾਗ ਦਾ ਵਿਸ਼ਤਸਪ ਨਾਮੀ ਹਾਕਮ ਸੀ। ਇਸ ਰਾਜੇ ਦਾ ਦਰਬਾਰ ਲਾਲਚੀ ਪੁਜਾਰੀਆਂ ਨਾਲ ਭਰਿਆ ਹੋਇਆ ਸੀ ਜਿਹੜੇ ਜਾਨਵਰਾਂ ਦੀ ਬਲੀ, ਜਾਦੂ-ਰੀਤਾਂ ਅਤੇ ਪ੍ਰਾਭੌਤਿਕ ਸ਼ਕਤੀ ਵਿਚ ਵਿਸ਼ਵਾਸ ਰਖਦੇ ਸਨ। ਉਨ੍ਹਾਂ ਨੇ ਜ਼ਰਤੂਸਤ ਵਿਰੁੱਧ ਉਸ ਰਾਜੇ ਕੋਲ ਲਗਾਤਾਰ ਭੰਡੀ ਪ੍ਰਚਾਰ ਕੀਤਾ ਅਤੇ ਉਸ ਉਤੇ ਜਾਦੂ ਟੂਣੇ ਦਾ ਇਲਜ਼ਾਮ ਲਾ ਕੇ ਉਸ ਨੂੰ ਕੈਦ ਕਰਵਾਇਆ। ਪਰ ਜ਼ਰਤੁਸਤ ਨੇ ਇਕ ਅਜਿਹਾ ਕੌਤਕ ਵਿਖਾਇਆ ਜਿਸ ਨਾਲ ਉਸ ਨੇ ਨਾ ਕੇਵਲ ਜੇਲ੍ਹ ਵਿਚੋਂ ਛੁਟਕਾਰਾ ਪਾਇਆ ਸਗੋਂ ਉਸ ਰਾਜੇ ਨੂੰ ਭੀ ਆਪਣੇ ਧਰਮ ਦਾ ਅਨੁਯਾਈ ਬਣਾ ਲਿਆ। ਰਾਜੇ ਦਾ ਇਕ ਮਨ ਭਾਉਂਦਾ ਕਾਲਾ ਘੋੜਾ ਅਜੀਬ ਬੀਮਾਰੀ ਦਾ ਸ਼ਿਕਾਰ ਹੋ ਗਿਆ ਸੀ। ਜ਼ਰਤੁਸਤ ਨੇ ਇਹਦੀਆਂ ਚੋਹਾਂ ਲੱਤਾਂ ਨੂੰ ਚਾਰ ਸ਼ਰਤਾਂ ਮੰਨਣ ਉੱਤੇ ਤੰਦਰੁਸਤ ਕਰ ਦਿੱਤਾ। ਇਨ੍ਹਾਂ ਸ਼ਰਤਾਂ ਅਨੁਸਾਰ ਵਿਸ਼ਤਸਪ, ਉਸ ਦੀ ਪਤਨੀ ਅਤੇ ਉਸ ਦਾ ਪੁੱਤਰ ਨਵੇਂ ਧਰਮ ਦੇ ਪੈਰੋਕਾਰ ਬਣ ਗਏ। ਜ਼ਰਤੁਸਤ ਵਿਰੁੱਧ ਸਾਜ਼ਸ਼ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਗਈ।

ਵਿਸ਼ਤਸਪ (Vishtasap) ਅਤੇ ਉਸ ਦੀ ਪਤਨੀ ਦੇ ਪੈਰੋਕਾਰ ਬਣਨ ਮਗਰੋਂ ਜ਼ਰਤੁਸਤ ਦਾ ਧਰਮ ਤੇਜ਼ੀ ਨਾਲ ਦੂਰ-ਦੂਰ ਤਕ ਫੈਲਣ ਲੱਗਾ। 'ਰਾਜੇ ਦੇ ਸਾਰੇ ਦਰਬਾਰੀਆਂ ਨੇ ਨਵਾਂ ਧਰਮ ਅਪਣਾ ਲਿਆ। ਰਾਜੇ ਦਾ ਭਰਾ ਜ਼ੈਨ (Zain) ਅਤੇ ਉਸ ਦਾ ਪੁੱਤਰ ਇਸਫੈਂਦਯਾਰ (Isfandyar) ਭੀ ਨਵੇਂ ਪੈਰੋਕਾਰਾਂ ਵਿਚ ਸ਼ਾਮਿਲ ਸਨ। ਅਗਲੇ ਵੀਹ ਸਾਲ ਜ਼ਰਤੁਸਤ ਨੇ ਸਾਰੇ ਈਰਾਨ ਵਿਚ ਨਵੇਂ ਧਰਮ ਦਾ ਪਰਚਾਰ ਕੀਤਾ। ਇਕ ਰਵਾਇਤ ਅਨੁਸਾਰ ਇਸ ਨਵੇਂ ਧਰਮ ਵਿਰੁੱਧ ਦੋ ਹਮਲੇ ਹੋਏ। ਪਹਿਲੇ ਹਮਲੇ ਵਿਚ ਇਸਫੈਂਦਯਾਰ ਤੁਰਾਨੀਆਂ ਵਿਰੁੱਧ ਬਹਾਦਰੀ ਨਾਲ ਲੜਿਆ ਅਤੇ ਉਨ੍ਹਾਂ ਨੂੰ ਹਰਾਇਆ। ਇਸੇ ਰਵਾਇਤ ਅਨੁਸਾਰ, ਜਿਸ ਨੂੰ ਕੁਝ ਲੋਕ ਨਹੀਂ ਮੰਨਦੇ, ਦੂਜੇ ਹਮਲੇ ਵਿਚ ਦੁਸ਼ਮਣ ਨੂੰ ਸ਼ੁਰੂ ਵਿਚ ਕੁਝ ਜਿੱਤਾਂ ਪ੍ਰਾਪਤ ਹੋਈਆਂ ਅਤੇ ਇਕ ਹਮਲਾਵਰ ਉਸ ਅੱਗ-ਮੰਦਰ ਤਕ ਅੰਦਰ ਪਹੁੰਚ ਗਿਆ ਜਿਥੇ ਜ਼ਰਤੁਸਤ ਪ੍ਰਾਰਥਨਾ ਕਰ ਰਿਹਾ ਸੀ। ਜ਼ਰਤੁਸਤ ਇਸ ਹਮਲਾਵਰ ਦੇ ਕਾਤਲਾਨਾ ਹਮਲੇ ਦਾ ਸ਼ਿਕਾਰ ਹੋਇਆ ਅਤੇ ਸੁਰਗਵਾਸ ਹੋ ਗਿਆ। ਉਸ ਵੇਲੇ ਉਸ ਦੀ ਆਯੂ 73 ਵਰ੍ਹੇ ਸੀ। ਪਰ ਉਸ ਦੁਆਰਾ ਸਥਾਪਿਤ ਕੀਤਾ ਗਿਆ ਧਰਮ ਡੂੰਘੀਆਂ ਜੜ੍ਹਾਂ ਫੜ ਚੁੱਕਾ ਸੀ ਅਤੇ ਉਸ ਮਗਰੋਂ ਭੀ ਲਗਾਤਾਰ ਵਧਦਾ ਫੁਲਦਾ ਰਿਹਾ।

**ਵਿਕਾਸ**

ਜ਼ਰਤੁਸਤ ਦੀ ਮ੍ਰਿਤੂ ਮਗਰੋਂ ਉਸ ਦਾ ਧਰਮ ਹੌਲੀ-ਹੌਲੀ ਪੱਛਮ ਵੱਲ ਮੀਡਜ਼ ਅਤੇ ਪਰਸ਼ੀਅਨ ਦੇ ਇਲਾਕੇ ਅਤੇ ਦੱਖਣ ਵੱਲ ਅਜੋਕੇ ਅਫ਼ਗਾਨਿਸਤਾਨ ਵਿਚ ਫੈਲ ਗਿਆ। ਇਸ ਫੈਲਾਅ ਦੇ ਦੌਰਾਨ ਫਾਰਸ ਵਿਚ ਈਰਾਨ ਦੇ ਪੁਰਾਣੇ ਦੇ

ਵਤਿਆਂ ਅਤੇ ਦੇਵੀਆਂ ਦੀ ਪੂਜਾ ਹੋਣ ਲੱਗੀ। ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਮਿਥ੍ (Mithra) ਅਤੇ ਅਨਹਿਤ (Anhita) ਦੇਵਤਾ ਦੀ ਪਹਿਲਾਂ ਵਾਂਗ ਪੂਜਾ ਹੋਣ ਲੱਗੀ।

ਮੁੱਢਲਾ ਹੁਕਮਰਾਨ ਵੰਸ਼, ਜਿਸ ਨੂੰ ਐਕੇਮੇਨੀਅਨ ਦੇ ਨਾਲ ਸਦਿਆ ਜਾਂਦਾ ਹੈ, ਪਾਰਸੀ ਧਰਮ ਦਾ ਅਨੁਯਾਈ ਸੀ। ਉਨ੍ਹਾਂ ਦਾ ਅਹੁਰਮਜ਼ਦ-ਦੇ ਨੇਕੀ ਦੇ ਅਸੂਲ ਵਿੱਚ ਵਿਸ਼ਵਾਸ ਸੀ। ਇਸ ਦੇ ਉਲਟ ਦਰੁਜ (Druj) ਝੂਠ ਸੀ ਜਿਸ ਨੂੰ ਅਹਰਮਨ ਕਿਹਾ ਗਿਆ ਹੈ। ਇਸ ਦਾ ਮੁਕਾਬਲਾ ਯਹੂਦੀ, ਈਸਾਈ ਜਾਂ ਮੁਸਲਮਾਨ ਧਰਮ ਦੇ ਸ਼ੈਤਾਨ ਨਾਲ ਕੀਤਾ ਗਿਆ ਹੈ। ਐਕੇਮੇਨੀਅਨਜ਼ ਦੇ ਅਧੀਨ ਪਾਰਸੀ ਧਰਮ ਦੇ ਪੁਜਾਰੀ ਜਿਨ੍ਹਾਂ ਨੂੰ ਮੈਜਾਈ ਕਿਹਾ ਜਾਂਦਾ ਸੀ, ਬਹੁਤ ਸ਼ਕਤੀਸ਼ਾਲੀ ਸਨ।

ਸਸੈਨੀਅਨ ਵੰਸ਼, ਜਿਸ ਨੇ ਈਰਾਨ ਦੀ ਰਾਸ਼ਟਰੀ ਸ਼ਾਨੋ ਸ਼ੌਕਤ ਬਹਾਲ ਕਰਨ ਲਈ ਬਹੁਤ ਕੁਝ ਕੀਤਾ, ਦੀ ਨੀਂਹ ਪਪਕ (Papak) ਦੇ ਪੁੱਤਰ ਆਰਦਿਸ਼ਰ ਨੇ 226-27 ਈ. ਵਿਚ ਰੱਖੀ। ਪਪਕ ਇਕ ਕਬੀਲੇ ਦਾ ਸਰਦਾਰ ਸੀ ਜਿਸ ਦੀ ਧੀ ਨੇ ਸਸਾਨ (Sasan), ਜੋ ਕਿ ਚਾਰਵਾਹਾ ਦਸਿਆ ਜਾਂਦਾ ਹੈ, ਨਾਲ ਵਿਆਹ ਕਰਵਾ ਲਿਆ। ਉਸ ਦਾ ਪੁੱਤਰ ਆਰਦਿਸ਼ਰ ਹੋਇਆ। ਆਰਦਿਸ਼ਰ ਦੀਆਂ ਵੱਡੀਆਂ ਪ੍ਰਾਪਤੀਆਂ ਵਿਚੋਂ ਇਕ ਕੰਮ ਉਥੋਂ ਦੇ ਲੋਕਾਂ ਦੇ ਪੁਰਾਤਨ ਧਰਮ ਦੀ ਪੁਨਰ ਸੁਰਜੀਤੀ ਕਰਨਾ ਸੀ। ਪਾਰਥੀਅਨਾਂ ਨੇ ਆਪਣੇ ਰਾਜ ਕਾਲ ਦੇ ਦੌਰਾਨ ਸੈਮਿਟਿਕ ਪੂਜਾ ਦੀ ਰਹੁਰੀਤ ਸਥਾਪਤ ਕਰ ਦਿੱਤੀ ਸੀ ਜਿਸ ਅਨੁਸਾਰ ਚੰਨ ਸੂਰਜ ਵਰਗੇ ਦੇਵਤਿਆਂ ਅਤੇ ਮੂਰਤੀਆਂ ਦੀ ਪੂਜਾ ਹੁੰਦੀ ਸੀ। ਇਹ ਪਾਰਸੀ ਧਰਮ ਦੇ ਵਿਰੁੱਧ ਸੀ ਜੋ ਮੂਰਤੀ ਪੂਜਾ ਦੇ ਖਿਲਾਫ ਸੀ। ਪਾਰਸੀ ਧਰਮ ਦੇ ਪੈਰੋਕਾਰ ਅੱਗ ਦੀ ਪੂਜਾ ਕਰਦੇ ਸਨ। ਪਾਰਥੀਅਨ ਹਾਕਮਾਂ ਵੇਲੇ ਅੱਗ-ਮੰਦਰ ਤਬਾਹ ਕਰ ਦਿੱਤੇ ਗਏ ਸਨ ਅਤੇ ਪਵਿੱਤਰ ਲਾਟ ਬੁਝਾ ਦਿੱਤੀ ਗਈ। ਆਰਦਿਸ਼ਰ ਨੇ ਇਨ੍ਹਾਂ ਨੂੰ ਮੁੜ ਕਾਇਮ ਕੀਤਾ। ਅੱਗ-ਪੂਜਾ ਆਰੰਭੀ ਗਈ, ਮੈਜਾਈ (Magai) ਨੂੰ ਉਨ੍ਹਾਂ ਦਾ ਪਹਿਲਾਂ ਵਾਲਾ ਸਥਾਨ ਦਿੱਤਾ ਗਿਆ ਅਤੇ ਜਾਗੀਰਾਂ ਅਲਾਟ ਕੀਤੀਆਂ ਗਈਆਂ। ਪੁਰਾਤਨ ਧਰਮ ਗ੍ਰੰਥਾਂ ਦੀ ਬਹਾਲੀ ਲਈ ਵਿਦਵਾਨਾਂ ਦੀ ਇਕ ਸਭਾ ਬੁਲਾਈ ਗਈ। ਇਸ ਸਭਾ ਨੇ ਨਾ ਕੇਵਲ ਅਵੇਸਤਾ (Avesta) ਦਾ ਪ੍ਰਮਾਣਿਕ ਰੂਪ ਸੰਕਲਨ ਕੀਤਾ ਸਗੋਂ ਉਸ ਵੇਲੇ ਦੀ ਪ੍ਰਚਲਤ ਭਾਸ਼ਾ, ਪਹਿਲਵੀ ਵਿਚ ਟੀਕੇ ਭੀ ਲਿਖੇ। ਪਹਿਲਵੀ ਅੱਜ ਵੀ ਫਾਰਸੀ ਦਾ ਦੂਜਾ ਨਾਂ ਹੈ।

ਸਸੈਨੀਅਨ ਵੰਸ਼ ਦੇ ਮਹਾਨ ਰਾਜੇ, ਜਿਨ੍ਹਾਂ ਸੱਤਵੀਂ ਸਦੀ ਦੇ ਮੱਧ ਤੱਕ ਰਾਜ ਕੀਤਾ, ਆਰਦਿਸ਼ਰ ਤੋਂ ਬਿਨਾਂ ਸ਼ਾਪੁਰ, ਬਹਰਾਮ, ਕੋਬਾਰਡ, ਖੁਸਰੋ ਪਰਵੇਜ਼ ਅਤੇ ਨੌਸ਼ੇਰਵਾਂ ਹੋਏ ਸਨ।

ਇਸਲਾਮ ਨੇ, ਜੋ ਹਜ਼ਰਤ ਮੁਹੰਮਦ ਤੋਂ ਸ਼ੁਰੂ ਹੁੰਦਾ ਹੈ, ਛੇਤੀ ਹੀ ਜੇਤੂ ਮੁਹਿੰਮ ਸ਼ੁਰੂ ਕੀਤੀ। ਛੇਤੀ ਹੀ ਈਰਾਕ ਤੇ ਸੀਰੀਆ ਫਤਹਿ ਕੀਤਾ ਅਤੇ ਪੂਰਬ ਵੱਲ ਮੁੜਨ ਵੇਲੇ ਮਹਾਨ ਪਰਸ਼ੀਅਨ ਸਲਤਨਤ ਨਾਲ ਟੱਕਰ ਹੋਈ। ਹਜ਼ਰਤ ਮੁਹੰਮਦ ਨੇ ਆਪਣਾ ਧਰਮ ਫੈਲਾਉਣ ਲਈ ਈਰਾਨੀ ਬਾਦਸ਼ਾਹ, ਯੇਜ਼ਦਾਗਰਦ ਕੋਲ ਆਪਣਾ ਇਕ ਨੁਮਾਇੰਦਾ ਭੇਜਿਆ। ਉਨ੍ਹਾਂ ਨੇ ਅਜਿਹਾ ਨੁਮਾਇੰਦਾ ਹੇਰਾਕਲਾਈਟਸ, ਜੋ ਏਸ਼ੀਆ ਮਾਈਨਰ ਦਾ ਰੂਮੀ ਵਾਇਸਰਾਏ ਸੀ, ਕੋਲ ਭੀ ਭੇਜਿਆ ਸੀ। ਦੋਹਾਂ ਨੇ ਮਾਰੂਥਲ ਦੇ ਅਰਬਾਂ ਨਾਲ ਨਫ਼ਰਤ ਭਰਿਆ ਵਰਤਾਉ ਕੀਤਾ ਪਰ ਈਰਾਨ ਬਹੁਤਾ ਚਿਰ ਉਨ੍ਹਾਂ ਦੀ ਸ਼ਕਤੀ ਅਤੇ ਜੋਸ਼ ਦਾ ਸਾਹਮਣਾ ਨਾ ਕਰ ਸਕਿਆ ਅਤੇ ਥੋੜ੍ਹੇ ਹੀ ਸਾਲਾਂ ਵਿਚ ਪਰਸ਼ੀਅਨ ਸਲਤਨਤ ਦੇ ਬਹੁਤ ਸਾਰੇ ਪੱਛਮੀ ਪ੍ਰਾਂਤ ਅਤੇ ਈਰਾਨ ਦਾ ਮੁੱਖ ਭਾਗ ਅਰਬਾਂ ਦੇ ਰਾਜ ਅਧੀਨ ਹੋ ਗਿਆ। ਇਸ ਦੇ ਸਿੱਟੇ ਵਜੋਂ ਈਰਾਨੀ ਜਨ-ਸੰਖਿਆ ਦਾ ਬਹੁਤਾ ਹਿੱਸਾ ਇਸਲਾਮ ਦਾ ਅਨੁਯਾਈ ਬਣ ਗਿਆ ਅਤੇ ਪਾਰਸੀ ਧਰਮ ਨੂੰ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ।

ਮੁਸਲਮਾਨ ਅਰਬਾਂ ਨੇ ਪਾਰਸੀਆਂ ਨੂੰ ਇਸਲਾਮ ਕਬੂਲ ਕਰਨ ਜਾਂ ਮੌਤ ਪਰਵਾਨ ਕਰਨ ਲਈ ਮਜ਼ਬੂਰ ਨਹੀਂ ਕੀਤਾ ਸਗੋਂ ਜਜ਼ੀਆ ਟੈਕਸ ਭਰਨ ਦੀ ਸ਼ਰਤ ਤੇ ਆਪਣਾ ਧਰਮ ਅਪਣਾਈ ਰੱਖਣ ਦੀ ਅਗਿਆ ਦੇ ਦਿੱਤੀ। ਪਰ ਇਸਲਾਮ ਤੇਜ਼ੀ ਨਾਲ ਵਧਦਾ ਗਿਆ ਅਤੇ ਪਾਰਸੀ ਵਸੋਂ ਉਥੋਂ ਦੂਜੇ ਦੇਸ਼ਾਂ ਵਿਚ ਚਲੀ ਗਈ। ਬਹੁਤ ਸਾਰੇ ਪਾਰਸੀ ਭਾਰਤ ਆ ਗਏ। ਇਸ ਦੇ ਬਾਵਜੂਦ ਭੀ ਪਾਰਸੀ ਧਰਮ ਫਾਰਸ ਪ੍ਰਾਂਤ ਵਿਚ 10ਵੀਂ ਈਸਦੀ ਤਕ ਕਾਇਮ ਰਿਹਾ। ਵਰਤਮਾਨ ਸਦੀ ਵਿਚ ਪਾਰਸੀ ਧਰਮ ਦੇ ਈਰਾਨ ਵਿਚ ਬਹੁਤ ਮਸ਼ਹੂਰ ਕੇਂਦਰ ਯੇਜ਼ਦ ਅਤੇ ਕੇਰਮਮ ਨਾਂ ਦੇ ਸ਼ਹਿਰਾਂ ਵਿਚ ਹਨ। ਹੁਣ ਵਰਤਮਾਨ ਪਹਿਲਵੀ ਵੰਸ਼ ਦੀ ਉਦਾਰ (Libral) ਹਕੂਮਤ ਦੇ ਦੌਰਾਨ ਪਾਰਸੀ ਧਰਮ ਅਤੇ ਹੋਰ ਸਾਰੇ ਧਰਮਾਂ ਨਾਲ ਚੰਗਾ ਵਿਵਹਾਰ ਕੀਤਾ ਜਾਂਦਾ ਹੈ। ਥੋੜ੍ਹਾ ਸਮਾਂ ਹੋਇਆ ਭਾਰਤੀ ਪਾਰਸੀ ਡੈਪੂਟੇਸ਼ਨ ਲੈ ਕੇ ਈਰਾਨ ਦੇ ਸ਼ਹਿਨਸ਼ਾਹ

ਨੂੰ ਮਿਲੇ ਸਨ ਅਤੇ ਪਾਰਸੀਆਂ ਅਤੇ ਉਸ ਦੇਸ਼ ਦੇ ਸ਼ਹਿਨਸ਼ਾਹ, ਜਿਥੇ ਪਾਰਸੀ ਧਰਮ ਦਾ ਜਨਮ ਹੋਇਆ, ਵਿਚਾਲੇ ਬੜੀ ਮਿੱਤਰਤਾ ਦੀ ਭਾਵਨਾ ਕਾਇਮ ਹੈ।

ਮੁਸਲਮਾਨਾਂ ਦੀ ਜਿੱਤ ਮਗਰੋਂ ਬਹੁਤ ਸਾਰੇ ਲੋਕਾਂ ਨੂੰ ਮਜ਼ਬੂਰ ਕਰਕੇ ਜਾਂ ਰਜ਼ਾਮੰਦੀ ਨਾਲ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ ਪਰ ਪਾਰਸੀ ਧਰਮ ਦਾ ਆਮ ਕਰਕੇ ਵਿਰੋਧ ਨਹੀਂ ਕੀਤਾ ਗਿਆ। ਇਹ ਲਗਭਗ ਤਿੰਨ ਸੋ ਸਾਲ ਤਕ ਮਜ਼ਬੂਤ ਪੈਰਾਂ ਤੇ ਖਲੋਤਾ ਰਿਹਾ। ਅਵੇਸਤਾ ਮਗਰੋਂ ਸਾਨੂੰ ਨੌਵੀਂ ਸਦੀ ਦੇ ਲਿਖੇ ਪਾਰਸੀ ਗਰੰਥ (ਪਹਿਲਵੀ) ਮਿਲਦੇ ਹਨ। ਇਨ੍ਹਾਂ ਦੀ ਸਹਾਇਤਾ ਨਾਲ ਅਸੀਂ ਸਸੈਨੀਅਨ ਅਤੇ ਪਿਛਲੇਰੇ-ਸਸੈਨੀਅਨ ਯੁੱਗ ਵਿਚ ਪਾਰਸੀ ਧਰਮ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

ਮੁਸਲਮਾਨਾਂ ਦੇ ਹੱਥੋਂ ਅੱਠਵੀਂ ਸਦੀ ਦੇ ਜ਼ੁਲਮ ਅਤੇ ਪਾਰਸੀਆਂ ਦੀ ਜਬਰਨ ਧਰਮ-ਤਬਦੀਲੀ ਦੇ ਦੌਰਾਨ ਬਹੁਤਸਾਰੇ ਪਾਰਸੀ ਆਪਣਾ ਦੇਸ਼ ਛੱਡ ਕੇ ਭਾਰਤ ਆ ਵਸੇ। ਉਹ ਕਈ ਧਾਰਮਿਕ ਅਤੇ ਸਭਿਆਚਾਰਕ ਕਾਰਨਾਂ ਕਰਕੇ ਬੰਬਈ ਦੇ ਇਲਾਕੇ ਵਿਚ ਵਸ ਗਏ। ਭਾਵੇਂ ਪਾਰਸੀ ਦੇਸ਼ ਦੇ ਹੋਰਨਾਂ ਭਾਗਾਂ ਵਿਚ ਨਹੀਂ ਗਏ ਪਰ ਇਕ ਚੰਗੀ ਸੰਗਠਿਤ ਅਤੇ ਕਰਮਸ਼ੀਲ ਜਾਤੀ ਹੋਣ ਕਰਕੇ ਉਨ੍ਹਾਂ ਭਾਰਤ ਦੇ ਆਰਥਕ ਢਾਂਚੇ ਵਿਚ ਵਪਾਰ ਅਤੇ ਦਸਤਕਾਰੀ ਦੇ ਖੇਤਰ ਵਿਚ ਚੰਗੀ ਉੱਨਤੀ ਕੀਤੀ। ਸਾਧਾਰਨ ਜੀਵਨ ਲੋੜਾਂ ਅਤੇ ਧਰਮ ਵਿਚ ਦ੍ਰਿੜਤਾ ਕਾਰਨ, ਪਾਰਸੀ ਆਰਥਕ ਤੌਰ ਤੇ ਬਹੁਤ ਖੁਸ਼ਹਾਲ ਹੋ ਗਏ। ਉਨ੍ਹਾਂ ਦੀ ਗਿਣਤੀ ਬਹੁਤੀ ਇਸ ਕਰਕੇ ਨਹੀਂ ਵਧੀ ਕਿਉਂਕਿ ਉਹ ਆਪਣੀ ਜਾਤੀ ਤੋਂ ਬਾਹਰ ਵਿਆਹ ਨਹੀਂ ਕਰਵਾਉਂਦੇ ਅਤੇ ਦੂਜਿਆਂ ਨੂੰ ਆਪਣੇ ਧਰਮ ਵਿਚ ਪਰਿਵਰਤਤ ਨਹੀਂ ਕਰਦੇ। ਭਾਰਤ ਵਿਚ ਜ਼ੁਰਾਸਟਰੀਅਨਾਂ ਨੂੰ ਪਾਰਸੀ ਕਿਹਾ ਜਾਣ ਲੱਗਾ (ਪਰਸ਼ੀਆ ਦੇਸ਼ ਦਾ ਹੋਣ ਕਰਕੇ)। 19ਵੀਂ ਸਦੀ ਵਿਚ ਭਾਰਤ ਦੇ ਪਾਰਸੀਆਂ ਨੇ ਈਰਾਨ ਦੇ ਪਾਰਸੀਆਂ (Zoroastrians) ਨਾਲ ਆਪਣੇ ਸੰਬੰਧ ਜੋੜ ਲਏ ਜਿਨ੍ਹਾਂ ਨੂੰ 'Gobras' (Gabir) ਕਿਹਾ ਜਾਂਦਾ ਸੀ। ਇਹ ਦੋਵੇਂ, ਪਾਰਸੀ ਅਤੇ ਗਾਬਿਰ, ਸਾਡੇ ਸਮੇਂ ਦੇ ਜ਼ੁਰਾਸ਼ਟਰੀਅਨ ਹਨ।

ਹੁਣ ਭਾਰਤ ਵਿਚ ਪਰਵਾਸ ਕਰਨ ਵਾਲੇ ਜ਼ੁਰਾਸ਼ਟਰੀਅਨਾਂ, ਜਿਨ੍ਹਾਂ ਨੂੰ ਅਸੀਂ ਪਾਰਸੀ ਕਹਿੰਦੇ ਹਾਂ, ਦੇ ਜੀਵਨ ਦੇ ਕੁਝ ਪਹਿਲੂਆਂ ਤੇ ਵਿਚਾਰ ਕਰਾਂਗੇ। ਪਾਰਸੀ ਦਾ ਮੂਲ 'ਪਾਰਸ' ਹੈ ਜਿਸ ਨੂੰ ਅਜ ਕਲ 'ਫਾਰਸ' ਕਿਹਾ ਜਾਂਦਾ ਹੈ। ਫਾਰਸ ਵਿਚ ਜਦੋਂ ਜ਼ੁਰਾਸ਼ਟਰੀਅਨਾਂ ਉਤੇ ਜ਼ੁਲਮ ਹੋਏ ਤਾਂ ਉਨ੍ਹਾਂ ਵਿਚੋਂ ਕਈਆਂ ਨੇ ਆਪਣਾ ਦੇਸ਼ ਛੱਡ ਦਿੱਤਾ।

**ਭਾਰਤੀ ਪਾਰਸੀ**

ਪਾਰਸੀਆਂ ਦੇ ਪੁਰਾਤਨ ਇਤਿਹਾਸ ਬਾਰੇ ਅਤੇ ਉਹਨਾਂ ਦੇ ਭਾਰਤ ਵਿਚ ਪਰਵੇਸ਼ ਸੰਬੰਧੀ ਬਹਿਮਾਨ ਨੋਸਾਰੀ ਦੀ ਇਕੋ ਇਕ ਪੁਸਤਕ ਸਭ ਤੋਂ ਪੁਰਾਣੀ ਹੈ ਜਿਹੜੀ ਫਾਰਸੀ ਕਵਿਤਾ ਵਿਚ ਲਿਖੀ ਹੋਈ ਹੈ। ਇਸ ਦਾ ਨਾਮ 'ਕਿੱਸਾ ਇ-ਸੰਜਾਨ' ਹੈ ਤੇ ਇਹ 1600 ਈਸਵੀ ਵਿਚ ਰਚੀ ਗਈ ਸੀ। ਕਰਤਾ ਨੇ ਪੁਰਾਣੀਆਂ ਰਵਾਇਤਾਂ ਅਤੇ ਬਜ਼ੁਰਗਾਂ ਤੋਂ ਸੁਣੀਆਂ ਗੱਲਾਂ ਦੀ ਸਹਾਇਤਾ ਨਾਲ ਇਹ ਪੁਸਤਕ ਰਚੀ। ਕਿੱਸੇ ਦਾ ਆਰੰਭ ਯਜ਼ਦਾਗਿਰਦ ਹਕੂਮਤ ਦੇ ਖਤਮ ਹੋਣ ਨਾਲ ਹੁੰਦਾ ਹੈ। 651 ਈਸਵੀ ਵਿਚ ਬਾਦਸ਼ਾਹ ਦੀ ਹਾਰ ਅਤੇ ਮੌਤ ਹੋਈ ਤੇ ਇਸ ਸਮੇਂ ਅਨੇਕਾਂ ਪਾਰਸੀ ਧਰਮ ਦੀ ਰਖਿਆ ਲਈ ਆਪਣੇ ਘਰ ਬਾਰ, ਬਾਗ ਬਗ਼ੀਚੇ ਅਤੇ ਮਹਿਲ ਮਾੜੀਆਂ ਛੱਡ ਕੇ ਚਲੇ ਗਏ। ਇਕ ਸੋ ਸਾਲ ਤਕ ਉਹ ਰੇਗਿਸਤਾਨ ਵਿਚ ਰਹਿੰਦੇ ਰਹੇ। ਆਪਣੇ ਧਰਮ ਬਾਰੇ ਉਹ ਚੇਤੰਨ ਹੋਏ ਅਤੇ 751 ਈਸਵੀ ਵਿਚ ਹਰਮੂਜ਼ ਸ਼ਹਿਰ ਵਿਚ ਚਲੇ ਗਏ ਜਿਥੇ ਉਹ ਪੰਦਰਾਂ ਵਰ੍ਹੇ ਰਹੇ। ਅਰਬਾਂ ਨੇ ਉਨ੍ਹਾਂ ਨੂੰ ਤੰਗ ਕੀਤਾ ਤਾਂ ਉਹਨਾਂ ਨੇ ਆਪਣਾ ਰੁਖ ਭਾਰਤ ਵੱਲ ਕੀਤਾ। 766 ਈਸਵੀ ਵਿਚ ਕਾਠੀਆਵਾੜ ਪੁਜੇ। 19 ਸਾਲਾਂ ਦੀ ਕਾਠੀਆਵਾੜ ਵਿਚ ਰਿਹਾਇਸ਼ ਬਾਦ ਉਹ ਗੁਜਰਾਤ ਵੱਲ ਰਵਾਨਾ ਹੋਏ ਤੇ 785 ਈਸਵੀ ਵਿਚ ਸੰਜਾਨ ਪੁਜੇ। ਕੁਝ ਕਾਫਲੇ ਭਾਰਤ ਦੇ ਹੋਰ ਭਾਗਾਂ ਵਿਚ ਵੀ ਗਏ, ਪਰ ਉਹਨਾਂ ਬਾਰੇ ਪੂਰਾ ਪਤਾ ਨਹੀਂ ਲੱਗਾ। ਸੰਜਾਨ ਦੇ ਰਾਜੇ ਜੈ ਰਾਣਾ ਨੇ ਉਹਨਾਂ ਨੂੰ ਆਬਾਦ ਹੋਣ ਦੀ ਆਗਿਆ ਦੇ ਦਿੱਤੀ ਤੇ ਉਹਨਾਂ ਨੂੰ ਧਾਰਮਿਕ ਸੁਤੰਤਰਤਾ ਵੀ ਦਿੱਤੀ। ਪਰ ਇਕ ਸ਼ਰਤ ਇਹ ਲਾਈ ਕਿ ਇਥੋਂ ਦੀ ਬੋਲੀ ਅਤੇ ਸੰਸਕ੍ਰਿਤੀ ਜ਼ਰੂਰ ਅਪਨਾ ਲੈਣ। ਉਹਨਾਂ ਨੇ ਆਪਣੀ ਬਸਤੀ ਆਬਾਦ ਕਰ ਲਈ ਤੇ 790 ਈਸਵੀ ਵਿਚ ਆਪਣਾ ਅਗਨੀ-ਮੰਦਰ (ਆਤਸ਼ ਬਹਿਰਾਮ) ਉਸਾਰਨ ਦੀ ਆਗਿਆ ਲੈ ਲਈ। ਇਸ ਘਟਨਾ ਤੋਂ ਤਿੰਨ ਸੌ ਸਾਲ ਬਾਦ ਉਹ ਫਿਰ ਇਧਰ ਉਧਰ ਖਿੰਡਣੇ ਸ਼ੁਰੂ ਹੋ ਗਏ ਤੇ ਵਾਂਕਾਨੇਰ, ਬੜੋਚ, ਵੇਰੀਏਵ, ਅੰਕਲੇਸ਼ਵਰ, ਕੈਂਬੀ ਅਤੇ ਨੋਸਾਰੀ ਆਦਿਕ ਦਿਸ਼ਾਵਾਂ ਵੱਲ ਫੈਲ ਗਏ। ਇਸ ਤੋਂ ਚਾਰ ਸੌ ਸਾਲ ਬਾਦ ਮੁਸਲਮਾਨਾਂ ਨੇ ਜੰਗ ਲੜੀ ਤੇ ਜਿੱਤ ਗਏ। ਸੰਜਾਨ, ਸੁਲਤਾਨ ਮਹਿਮੂਦ ਬਿਗਾੜਾ ਦੇ ਜਰਨੈਲ ਅਫਲ ਖਾਨ ਦੇ ਹੱਕ ਵਿਚ ਆ ਗਿਆ।

ਸੰਸਾਰ ਦੀ ਰੱਖਿਆ ਵਾਸਤੇ ਪਾਰਸ਼ੀਆ ਨੇ ਜੰਗ ਵਿਚ ਹਿੰਦੂਆਂ ਦੀ ਸਹਾਇਤਾ ਕੀਤੀ ਸੀ ਤੇ ਭਾਰਤੀ ਜਾਨੀ ਨੁਕਸਾਨ ਉਠਾਉਣ ਤੋਂ ਬਾਦ, ਮੰਦਰ ਵਿਚੋਂ ਪਵਿੱਤਰ ਅਗਨੀ ਲੈ ਕੇ ਉਹਨਾਂ 1490 ਈਸਵੀ ਵਿਚ ਬਾਹਰੂਤ ਪਰਬਤ ਤੇ ਸ਼ਰਣ

ਲਈ। ਭਾਰਤ ਵਿਚ ਪਰਵੇਸ਼ ਤੋਂ ਬਾਦ ਲੰਮੇ ਸਮੇਂ ਤਕ ਉਹਨਾਂ ਦੀਆਂ ਗਤੀਵਿਧੀਆਂ ਦਾ ਪੂਰਾ ਪਤਾ ਨਹੀਂ ਲੱਗਦਾ। ਕਿੱਸੇ ਵਿਚ ਕੇਵਲ ਇਨਾ ਲਿਖਿਆ ਹੈ ਕਿ ਉਹ ਸਖਤ ਮਿਹਨਤ ਕਰਦੇ ਸਨ, ਫੁਰਤੀਲੇ ਸਨ ਤੇ ਆਪਣੇ ਨਾਲ ਖੁਰਾਸਾਨ ਦਾ ਉਦਯੋਗ ਲੈ ਕੇ ਆਏ ਸਨ। ਉਹਨਾਂ ਨੇ ਹਿੰਦੂਆਂ ਦੀ ਬੋਲੀ, ਲਿਬਾਸ ਅਤੇ ਰਸਮਾਂ ਅਪਣਾ ਲਈਆਂ ਅਤੇ ਹਿੰਦੂਆਂ ਵਿਚ ਜਜ਼ਬ ਹੋਣ ਲਗ ਪਏ। ਇੱਥੋਂ ਤਕ ਕਿ ਹਿੰਦੂ ਮਤ ਦੇ ਅਨੇਕਾਂ ਫਿਰਕਿਆਂ ਵਿਚੋਂ ਉਹਨਾਂ ਨੂੰ ਵੀ ਇਕ ਵੱਖਰੀ ਜਾਤ ਮਿਥ ਲਿਆ ਗਿਆ।

ਪੰਦਰਵੀਂ ਸਦੀ ਦੇ ਅਖੀਰ ਵਿਚ ਚਾਂਗਾ ਆਸਾ ਨਾਮ ਦਾ ਇਕ ਸਿੱਧਾ ਸਾਦਾ ਆਦਮੀ ਆਪਣੀ ਮਿਹਨਤ ਅਤੇ ਉਦਯੋਗ ਲਗਨ ਸਦਕਾ ਅਮੀਰ ਹੋ ਗਿਆ। ਉਸ ਨੂੰ 'ਦੇਸਾਈ' ਦਾ ਖਿਤਾਬ ਦਿੱਤਾ ਗਿਆ। ਇਹ ਰੁਤਬਾ ਮੁਸਲਮਾਨ ਅਤੇ ਮਰਾਠਾ ਹਕੂਮਤਾਂ ਵੇਲੇ ਵੀ ਸਿਰਕੱਢ ਪਾਰਸੀ ਆਗੂ ਨੂੰ ਦਿੱਤਾ ਜਾਇਆ ਕਰਦਾ ਸੀ। ਉਹ ਭਲਾ ਆਦਮੀ ਸੀ ਅਤੇ ਪਾਰਸੀਆ ਦਾ 'ਦਾਵਰ' ਭਾਵ ਨੇਤਾ ਬਣ ਗਿਆ। ਉਸ ਨੇ ਜ਼ਰੂਰਤਮੰਦ ਪਾਰਸੀਆਂ ਨੂੰ ਉਹਨਾਂ ਦੀ ਮੂਲ ਰਵਾਇਤੀ ਪੁਸ਼ਾਕ ਪਹਿਨਾਉਣੀ ਸ਼ੁਰੂ ਕੀਤੀ। ਉਸਨੇ ਬਰਹੂਤ ਪਰਬਤ ਤੋਂ ਪਵਿੱਤਰ ਅਗਨੀ ਲਿਆ ਕੇ ਨੌਸਾਰੀ ਵਿਖੇ ਮੰਦਰ ਉਸਾਰਿਆ। ਉਸ ਨੇ ਪਾਰਸੀ ਧਰਮ ਦੇ ਫੈਲਾਅ ਵਾਸਤੇ ਬਹੁਤ ਕੰਮ ਕੀਤਾ।

ਗੁਜਰਾਤੀ ਪਾਰਸੀ ਵਧੇਰੇ ਖੇਤੀਬਾੜੀ ਦਾ ਕੰਮ ਕਰਦੇ ਸਨ। ਯੂਰਪੀਅਨ ਯਾਤਰੀਆਂ ਨੇ ਲਿਖਿਆ ਹੈ ਕਿ ਉਹ ਤਰਖਾਣਾਂ ਦਾ ਕੰਮ ਵੀ ਕਰਦੇ ਸਨ, ਲੁਹਾਰਾ ਵੀ। ਜਹਾਜ਼ ਬਣਾਉਂਦੇ ਸਨ ਤੇ ਫੈਕਟਰੀਆਂ ਵਿਚ ਕੰਮ ਕਰਦੇ ਸਨ। ਇਥੋਂ ਹੀ ਉਹਨਾਂ ਦੀ ਆਰਥਿਕ ਖੁਸ਼ਹਾਲੀ ਦਾ ਦੌਰ ਆਰੰਭ ਹੁੰਦਾ ਹੈ। ਅਠਾਰਵੀਂ ਸਦੀ ਵਿਚ ਸੂਰਤ ਵਿਖੇ ਵਸੇ ਪਾਰਸੀਆਂ ਦਾ ਕਾਰੋਬਾਰ ਪੂਰਾ ਚਮਕ ਪਿਆ ਸੀ। ਉਨੀਵੀਂ ਸਦੀ ਦੇ ਸ਼ੁਰੂ ਵਿਚ ਉਥੇ ਵੀਹ ਹਜ਼ਾਰ ਪਰਿਵਾਰ ਵਸਦੇ ਸਨ। ਬਹੁਤ ਸਾਰੇ ਪਾਰਸੀ ਦਿੱਲੀ ਦਰਬਾਰ ਵਿਚ ਉੱਚੇ ਰੁਤਬਿਆਂ ਉੱਤੇ ਲਗੇ ਹੋਏ ਸਨ ਤੇ ਉਥੇ ਜਾਗੀਰਾਂ ਖਿਲਅਤਾ ਪ੍ਰਾਪਤ ਕਰਦੇ ਸਨ। ਚੀਨ ਅਤੇ ਬਰਮਾ ਵਿਚ ਪਹਿਲੀ ਵੇਰ ਉਹਨਾਂ ਨੇ ਹੀ ਫੈਕਟਰੀਆਂ ਲਾਈਆਂ।

ਸੂਰਤ ਵਿਖੇ ਵਪਾਰ ਵਿਚ ਮੰਦਾ ਆਉਣ ਕਾਰਨ ਉਹ ਬੰਬਈ ਵਸਣੇ ਸ਼ੁਰੂ ਹੋ ਗਏ ਤੇ ਅਜ ਦਾ ਬੰਬਈ ਉਦਯੋਗ ਉਹਨਾਂ ਦੀਆਂ ਮਿਹਨਤਾਂ ਦਾ ਦੇਣਦਾਰ ਹੈ। ਪਾਰਸੀ ਸਖ਼ਤ ਮਿਹਨਤ ਅਤੇ ਈਮਾਨਦਾਰੀ ਕਰਕੇ ਪ੍ਰਸਿੱਧ ਰਹੇ ਹਨ। ਉਹਨਾਂ ਨੇ ਕਰੋੜਾਂ ਰੁਪਿਆਂ ਦੇ ਲੈਣ ਦੇਣ ਵਿਚ ਵਿਸ਼ਵਾਸਘਾਤ ਨਹੀਂ ਕੀਤਾ। ਇਹੀ ਕਾਰਨ ਸੀ ਕਿ ਬਰਤਾਨਵੀ ਸਰਕਾਰ ਨੇ 1812 ਈਸਵੀ ਵਿਚ ਨੌਸਾਰੀ ਦੇ ਪਾਰਸੀ ਸੁਦਾਗਰ ਜਮਸ਼ੈਦ ਜੀ ਜੀਜੀਭਾਈ ਨੂੰ ਨਾਈਟਹੁੱਡ ਦਾ ਖਿਤਾਬ ਦਿੱਤਾ ਤੇ 1857 ਵਿਖ ਬਰਤਾਨੀਆਂ ਦਾ ਬਾਰੋਨੇਡ ਚੁਣਿਆ ਗਿਆ। ਇਡਾ ਵਡਾ ਰੁਤਬਾ ਇਸ ਤੋਂ ਪਹਿਲਾਂ ਕਿਸੇ ਭਾਰਤੀ ਨੂੰ ਨਹੀਂ ਮਿਲਿਆ। ਭਾਰਤੀ ਉਦਯੋਗ ਵਿਚ ਜਮਸ਼ੈਦ ਜੀ ਨਸ਼ਰਵਾਨ ਟਾਟਾ ਦਾ ਨਾਮ ਬੜਾ ਪ੍ਰਸਿੱਧ ਹੈ। 1892 ਵਿਚ ਹਾਊਸ ਆਫ ਕਾਮਨਜ਼ ਵਿਚ ਚੁਣਿਆ ਜਾਣ ਵਾਲਾ ਪਹਿਲਾ ਭਾਰਤੀ ਦਾਦਾ ਭਾਈ ਨਾਰੋਜੀ ਬੜੌਦਾ ਸਟੇਟ ਦਾ 1874 ਵਿਚ ਦੀਵਾਨ ਰਹਿ ਚੁੱਕਿਆ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦੀ ਨੀਂਹ ਨਾਰੋਜੀ ਨੇ ਹੀ ਰੱਖੀ ਸੀ।

18ਵੀਂ ਸਦੀ ਦੇ ਮੱਧ ਵਿਚ ਪਾਰਸੀ ਦੋ ਮੁੱਖ ਧਾਰਮਿਕ ਫਿਰਕਿਆਂ ਵਿਚ ਵੰਡੇ ਗਏ। ਇਹ ਫਿਰਕੇ ਸ਼ਹਿਨਸ਼ਾਹੀ (ਜਿਨ੍ਹਾਂ ਨੂੰ ਕਈ ਵਾਰੀ ਰਾਸਮੀ ਭੀ ਕਿਹਾ ਜਾਂਦਾ ਸੀ) ਅਤੇ ਕਦੀਮੀ ਸਨ। ਇਨ੍ਹਾਂ ਦੋਹਾਂ ਫਿਰਕਿਆਂ ਵਿਚ ਮੁੱਖ ਅੰਤਰ ਧਾਰਮਿਕ ਕੈਲੰਡਰ ਦੀ ਪਰਵਾਨਗੀ ਬਾਰੇ ਹੈ। ਸ਼ਹਿਨਸ਼ਾਹੀ ਆਪਣੇ ਵੱਡੇ-ਵਡੇਰਿਆਂ, ਜੋ ਖੁਰਾਸਾਨ ਤੋਂ ਸਭ ਤੋਂ ਪਹਿਲਾਂ ਪਰਵਾਸ ਕਰਕੇ ਆਏ ਸਨ, ਦੇ ਯੁਗ ਨੂੰ ਮੰਨਦੇ ਹਨ।ਕਦੀਮੀ ਪੁਰਾਤਨ ਪਰਸ਼ੀਅਨ ਵਰ੍ਹੇ ਮੰਨਦੇ ਸਨ। ਇਸ ਕੈਲੰਡਰ ਨੂੰ ਈਰਾਨ ਵਿਚਲੇ ਗ਼ਾਬਰ (ਜ਼ੁਰਾਸਟਰੀਅਨ) ਭੀ ਮੰਨਦੇ ਹਨ। ਭਾਰਤ ਵਿਚ ਸ਼ਹਿਨਸ਼ਾਹੀਆਂ ਦੀ ਗਿਣਤੀ ਜ਼ਿਆਦਾ ਹੈ। ਇਨ੍ਹਾਂ ਦੋਹਾਂ ਗਰੁਪਾਂ ਦੇ ਆਪਣੇ ਵੱਖਰੇ ਮੰਦਰ ਅਤੇ ਪੁਜਾਰੀ ਹਨ। ਇਹ ਉਹ ਸਮਾਂ ਸੀ ਜਦੋਂ ਪਾਰਸੀਆਂ ਦੇ ਦੋਹਾਂ ਗਰੁਪਾਂ ਵਿਚਕਾਰ ਖਿਚੋਤਾਣ ਹੋਈ। ਪਰ ਇਨ੍ਹਾਂ ਦਲਾਂ ਵਿਚ ਪਰਸਪਰ ਸੰਬੰਧ ਜ਼ਿਆਦਾ ਚੰਗੇਰੇ ਭੀ ਵੇਖਣ ਵਿਚ ਆਉਂਦੇ ਹਨ ਅਤੇ ਦੋਹਾਂ ਫਿਰਕਿਆਂ ਦੇ ਮੈਂਬਰਾਂ ਵਿਚ ਅੰਤਰ-ਜਾਤੀ ਵਿਆਹ ਆਮ ਹਨ।

ਪਾਰਸੀਆਂ ਨੇ ਸਮਾਜਕ ਰਸਮਾਂ-ਰੀਤਾਂ ਅਤੇ ਬੋਲ-ਚਾਲ ਵਿਚ ਬੜੀ ਫ਼ਰਾਖ਼ ਦਿਲੀ ਵਿਖਾਈ। ਇਹੀ ਉਹਨਾਂ ਦੀ ਅਸਾਧਾਰਣ ਉੱਨਤੀ ਦਾ ਕਾਰਣ ਸੀ। ਜਦੋਂ ਬਾਕੀ ਭਾਰਤੀ ਧਰਮਾਂ ਦੇ ਮਰਦ ਵੀ ਹਾਲਾਂ ਸੁਸਿਖਿਅਤ ਨਹੀਂ ਸਨ ਤੇ ਪੜ੍ਹਾਈ ਲਿਖਾਈ ਵੱਲ ਧਿਆਨ ਨਹੀਂ ਸਨ ਦਿੰਦੇ, ਪਾਰਸੀਆਂ ਦੀਆਂ ਲੜਕੀਆਂ ਬੀ.ਏ ਐਮ.ਏ., ਬੀ.ਐਸ.ਸੀ., ਐਲ.ਐਲ.ਬੀ. ਅਤੇ ਐਮ.ਬੀ.ਬੀ.ਐਸ. ਦੀਆਂ ਡਿਗਰੀਆਂ ਪ੍ਰਾਪਤ ਕਰ ਰਹੀਆਂ ਸਨ। ਸਿਰਫ ਆਪਣੇ ਸਮਾਜ ਵੱਲ ਸੁਧਾਰਕ ਦੇ ਫਰਜ਼ ਨਹੀਂ ਨਿਭਾਏ, ਪਾਰਸੀਆਂ ਨੇ ਆਪਣੇ ਗਵਾਂਢੀ ਹਿੰਦੂਆਂ ਦੀ ਸਮਾਜਿਕ ਉੱਨਤੀ ਵੱਲ ਬੜੇ ਅਹਿਮ

ਕਦਮ ਚੁੱਕੇ। ਬੀ.ਐਮ. ਮਾਲਾਬਾਰੀ ਇਕ ਪਾਰਸੀ ਹੀ ਸੀ ਜਿਸ ਨੇ ਹਿੰਦੂਆਂ ਵਿਚ ਬਾਲ ਵਿਆਹ ਦੀ ਭੈੜੀ ਰਸਮ ਰੋਕਣ ਲਈ 1891 ਵਿਚ ਕਾਨੂੰਨ ਪਾਸ ਕਰਵਾਇਆ।

ਭਾਵੇਂ ਪਾਰਸੀਆਂ ਨੇ ਅੰਗਰੇਜ਼ੀ ਜ਼ਬਾਨ ਵਿਚ ਖ਼ਾਸ ਮੁਹਾਰਤ ਹਾਸਲ ਕੀਤੀ ਫਿਰ ਵੀ ਗੁਜਰਾਤੀ ਨਾਲ ਉਹਨਾਂ ਦਾ ਪਿਆਰ ਘਟਿਆ ਨਹੀਂ। ਆਪਣੇ ਵਪਾਰਕ ਕਾਰ-ਵਿਹਾਰ ਉਹ ਗੁਜਰਾਤੀ ਵਿਚ ਕਰਦੇ ਹਨ। ਬੱਚਿਆਂ ਨੂੰ ਗੁਜਰਾਤੀ ਸਿਖਾਣ ਦਾ ਲਾਜ਼ਮੀ ਪ੍ਰਬੰਧ ਕੀਤਾ ਜਾਂਦਾ ਹੈ। ਗੁਜਰਾਤੀ ਪਰੈੱਸ ਪਾਰਸੀਆਂ ਦੇ ਹੱਥਾਂ ਵਿਚ ਹੀ ਰਹੀ ਹੈ।

ਪਾਰਸੀ ਲੋਕ ਸੁਹਣੇ ਕੱਦ ਕਾਠ ਅਤੇ ਚੰਗੀ ਡੀਲ ਡੌਲ ਦੇ ਮਾਲਕ ਹਨ। ਪੁਰਾਣੇ ਇਤਿਹਾਸਕਾਰ ਯਾਤਰੂਆਂ ਨੇ ਇਸ ਗੱਲ ਦੀ ਗਵਾਹੀ ਦਿੱਤੀ ਹੈ ਕਿ ਹਿੰਦੂ ਅਤੇ ਮੁਸਲਮਾਨ ਔਰਤਾਂ ਦੇ ਮੁਕਾਬਲੇ ਤੇ ਪਾਰਸੀ ਜ਼ਨਾਨੀਆਂ ਵਧੇਰੇ ਸੁਹਣੀਆਂ ਹੁੰਦੀਆਂ ਹਨ। ਉਹਨਾਂ ਦੇ ਨੈਣ ਨਕਸ਼ੇ ਤਿੱਖੇ ਅਤੇ ਰੰਗ ਗੋਰਾ ਉਹਨਾਂ ਨੂੰ ਆਪਣੇ ਗਵਾਂਢ ਨਾਲੋਂ ਵਧੇਰੇ ਸੁਹਣਾ ਮਿਲਿਆ ਸੀ। ਪਰ ਦੇਖਣ ਵਿਚ ਆਇਆ ਹੈ ਕਿ ਪਾਰਸੀ ਮਰਦ ਅਤੇ ਔਰਤਾਂ ਆਚਰਣ ਵਿਚ ਨੀਵੇਂ ਨਹੀਂ ਰਹੇ। ਉਚ ਇਖਲਾਕ ਵਾਸਤੇ ਪਾਰਸੀ ਸਮਾਜ ਬੜਾ ਚੇਤੰਨ ਰਿਹਾ ਹੈ। ਦਿਨ ਛੁਪਣ ਤੋਂ ਬਾਦ ਔਰਤਾਂ ਨੂੰ ਗਲੀ ਬਾਜ਼ਾਰ ਵਿਚ ਜਾਣ ਦੀ ਮਨਾਹੀ ਹੁੰਦੀ ਸੀ। ਪਾਰਸੀ ਆਪਣੀਆਂ ਔਰਤਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਾਰਮਿਕ ਸਥਾਨ ਉਤੇ ਜਾਣ ਦੀ ਇਜਾਜ਼ਤ ਨਹੀਂ ਦਿੰਦੇ। ਹਿੰਦੂਆਂ ਮੁਸਲਮਾਨਾਂ ਦੀਆਂ ਘਰੋਗੀ ਧਾਰਮਿਕ ਰਸਮਾਂ ਵਿਚ ਵੀ ਪਾਰਸੀ ਸ਼ਾਮਲ ਹੋਣ ਤੋਂ ਸੰਕੋਚ ਕਰਦੇ ਰਹੇ ਹਨ। ਅਜਿਹਾ ਇਸ ਕਰਕੇ ਕੀਤਾ ਜਾਂਦਾ ਰਿਹਾ ਹੈ ਤਾਂ ਕਿ ਉਹ ਆਪਣੇ ਮੱਤ ਦੀ ਸ਼ੁੱਧਤਾ ਨੂੰ ਬਰਕਰਾਰ ਰਖ ਸਕਣ। ਬਿਗਾਨੇ ਆਦਮੀਆਂ ਨੂੰ ਉਹ ਆਪਣੇ ਘਰ ਦੇ ਧੁਰ ਅੰਦਰ ਆਉਣ ਦੀ ਇਜਾਜ਼ਤ ਨਹੀਂ ਦਿੰਦੇ ਸਨ। ਪਾਰਸੀਆਂ ਵਿਚ ਜੁਰਮ ਕਰਨ ਦੀ ਰੁਚੀ ਵੀ ਘੱਟ ਹੀ ਰਹੀ ਹੈ। ਇਹ ਵੱਖਰੀ ਗਲ ਹੈ ਕਿ ਅੰਦਰੂਨੀ ਝਗੜੇ ਅਤੇ ਕਤਲ ਬਾਰੇ ਉਹ ਪੂਰੀ ਖਾਮੋਸ਼ੀ ਰਖਦੇ ਸਨ ਤੇ ਇਸ ਨੂੰ ਬਾਹਰ ਪ੍ਰਗਟ ਨਹੀਂ ਕੀਤਾ ਜਾਂਦਾ ਸੀ।

ਭਾਰਤ ਵਿਚ ਪਾਰਸੀ ਗਿਣਤੀ ਦੇ ਪੱਖੋਂ ਬਹੁਤੇ ਨਹੀਂ। 1911 ਦੀ ਮਰਦਮ ਸ਼ੁਮਾਰੀ ਵਿਚ ਉਹ 160000 ਸਨ, ਪਰ ਉਹਨਾਂ ਦੀਆਂ ਪ੍ਰਾਪਤੀਆਂ ਬਹੁਤ ਸ਼ਾਨਦਾਰ ਸਨ। ਜਮਸ਼ੈਦ ਜੀ ਟਾਟਾ ਨਸ਼ਰਵਾਨ ਨੂੰ ਕੌਣ ਨਹੀਂ ਜਾਣਦਾ ਜਿਸਨੂੰ ਭਾਰਤੀ ਆਇਰਨ ਐਂਡ ਸਟੀਲ ਕੰਪਨੀ ਦਾ ਪਿਤਾਮਾ ਕਿਹਾ ਜਾਂਦਾ ਹੈ। ਮੋਦੀ ਮਿਲਜ਼, ਗਾਡਰੇਜ਼ ਇੰਡਸਟਰੀਜ਼ ਅਤੇ ਸੈਂਟਰਲ ਬੈਂਕ ਪਾਰਸੀਆਂ ਦੇ ਅਦਾਰੇ ਹਨ। ਅਟਾਮਿਕ ਕਮਿਸ਼ਨ ਦੇ ਚੇਅਰਮੈਨ ਅਤੇ ਪ੍ਰਸਿੱਧ ਪ੍ਰਮਾਣੂ ਵਿਗਿਆਨੀ ਹੋਮੀ ਭਾਬਾ ਪਾਰਸੀ ਸਨ। ਪੋਚਕਨਵਾਲਾ ਨੇ ਲੰਡਨ ਵਿਚ Central Exchange Bank of India ਦੀ ਸਥਾਪਨਾ ਕੀਤੀ ਸੀ, ਉਹ ਪਾਰਸੀ ਸੀ। ਬਲਿਟਜ਼ ਅਖਬਾਰ ਦਾ ਸੰਪਾਦਕ ਕੁਰੰਜੀਆ ਪਾਰਸੀ ਸੀ। ਜ਼ੁਲਫਕਾਰ ਅਲੀ ਭੁਟੋ ਦੀ ਪਤਨੀ ਪਾਰਸੀ ਸੀ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਪਿਤਾ ਸਵਰਗਵਾਸੀ ਫਿਰੋਜ਼ ਗਾਂਧੀ ਪਾਰਸੀ ਸੀ। ਵਿਦਿਆ ਵਪਾਰ ਅਤੇ ਉਦਯੋਗ ਦੇ ਖੇਤਰ ਵਿਚ ਪਾਰਸੀਆਂ ਦਾ ਕੋਈ ਮੁਕਾਬਲਾ ਨਹੀਂ।

**ਪੰਚਾਇਤ**

ਆਪਣੇ ਅੰਦਰੂਨੀ ਮਸਲਿਆਂ ਨੂੰ ਨਜਿੱਠਣ ਲਈ ਪਾਰਸੀਆਂ ਨੇ ਪੰਚਾਇਤ ਦੀ ਸੰਸਥਾ ਅਪਣਾਈ। ਪੰਚਾਇਤ ਵਿਚ ਫਿਰਕੇ ਦੇ ਕੁਝ ਮੁਖੀ ਹੁੰਦੇ ਹਨ। ਫਿਰਕੇ ਦੇ ਮੈਂਬਰ ਆਪਸੀ ਝਗੜਿਆਂ ਨੂੰ ਆਮ ਕਰਕੇ ਪੰਚਾਇਤ ਸਾਹਮਣੇ ਪੇਸ਼ ਕਰਦੇ ਸਨ ਅਤੇ ਇਸ ਤਰ੍ਹਾਂ ਦੀਵਾਨੀ ਅਦਾਲਤਾਂ ਤੋਂ ਦੂਰ ਰਹਿੰਦੇ ਸਨ। ਪੰਚਾਇਤ ਦੁਆਰਾ ਦਿੱਤੀ ਜਾਂਦੀ ਵੱਡੀ ਤੋਂ ਵੱਡੀ ਸਜ਼ਾ ਵਿਅਕਤੀ ਨੂੰ ਬਰਾਦਰੀ ਤੋਂ ਛੇਕਣਾ ਸੀ। ਬਰਾਦਰੀ ਤੋਂ ਛੇਕੇ ਗਏ ਵਿਅਕਤੀ ਨੂੰ ਧਾਰਮਿਕ ਮਾਮਲਿਆਂ ਜਾਂ ਬਰਾਦਰੀ ਦੇ ਕਿਸੇ ਵਿਅਕਤੀ ਨਾਲ ਕਿਸੇ ਤਰ੍ਹਾਂ ਦਾ ਲੈਣ ਦੇਣ ਕਰਨ ਤੋਂ ਵੰਚਿਤ ਕੀਤਾ ਜਾਂਦਾ ਸੀ।

1786-87 ਵਿਚ ਬਰਤਾਨਵੀ ਰਾਜ ਦੇ ਅਧੀਨ ਚੁਣੀ ਹੋਈ ਪੰਚਾਇਤ ਨੂੰ ਕਾਨੂੰਨ ਵਲੋਂ ਮਾਨਤਾ ਦਿੱਤੀ ਗਈ। 1919 ਵਿਚ 18 ਵਿਅਕਤੀਆਂ ਦੀ ਪੰਚਾਇਤ ਦਾਦੇਸੇਬ ਅੱਗ-ਮੰਦਰ ਵਿਚ ਚੁਣੀ ਗਈ। ਚੁਣੇ ਗਏ ਵਿਅਕਤੀਆਂ ਵਿਚ 12 ਵਿਅਕਤੀ ਆਮ ਦੁਨੀਆਦਾਰ ਸਨ ਜਦੋਂ ਕਿ ਬਾਕੀ ਦੇ ਪੁਜਾਰੀ ਸਨ। ਪਾਰਸੀ ਭਾਈਚਾਰੇ ਸੰਬੰਧੀ ਸਭ ਸਮਾਜਕ ਅਤੇ ਧਾਰਮਿਕ ਮਸਲੇ ਇਸ ਪੰਚਾਇਤ ਸਾਹਮਣੇ ਪੇਸ਼ ਕੀਤੇ ਜਾਂਦੇ ਸਨ। ਇਨ੍ਹਾਂ ਮਸਲਿਆਂ ਵਿਚ ਪੁਜਾਰੀਆਂ ਦੀਆਂ ਤਨਖ਼ਾਹਾਂ, ਵਿਆਹ-ਸ਼ਾਦੀਆਂ ਅਤੇ ਅੰਤਮ ਸੰਸਕਾਰ ਉਤੇ ਹੋਣ ਵਾਲੇ ਖਰਚ ਵੀ ਸ਼ਾਮਿਲ ਸਨ। ਪੰਚਾਇਤ ਨੇ ਕਈ ਸੁਧਾਰ ਕੀਤੇ । ਇਸ ਨੇ ਧਾਰਮਿਕ ਰਸਮਾਂ ਦੀ ਸ਼ੁੱਧਤਾ ਲਈ ਕਦਮ ਚੁੱਕੇ ਅਤੇ ਬਰਾਦਰੀ ਦੇ ਇਸਤਰੀ ਪੁਰਸ਼ਾਂ ਲਈ ਨੈਤਿਕ ਜ਼ਾਬਤਾ ਦ੍ਰਿੜ੍ਹਤਾ ਨਾਲ ਲਾਗੂ ਕੀਤਾ।

ਪਾਰਸੀਆਂ ਲਈ ਕਿਸੇ ਲਿਖਤੇ ਕਾਨੂੰਨੀ ਜ਼ਾਬਤੇ ਦੀ ਅਣਹੋਂਦ ਕਾਰਨ 1885 ਵਿਚ ਪਾਰਸੀ ਲਾਅ ਐਸੋਸੀਏਸ਼ਨ ਕਾਇਮ

ਕੀਤੀ ਗਈ ਤਾਂ ਜੋ ਪਾਰਸੀਆਂ ਅਤੇ ਹੋਰ ਪਰੰਪਰਾਤਮਿਕ ਸੋਮਿਆਂ ਦਾ ਅਧਿਐਨ ਕਰਨ ਮਗਰੋਂ ਕਾਨੂੰਨੀ ਜ਼ਾਬਤਾ ਤਿਆਰ ਕੀਤਾ ਜਾ ਸਕੇ। ਇਸ ਮਗਰੋਂ ਪਾਰਸੀਆਂ ਦੇ ਦੀਵਾਨੀ ਮੁਕਦਮੇ ਕਚਹਿਰੀਆਂ ਦੁਆਰਾ ਇਸ ਉਕਤ ਜ਼ਾਬਤਾ ਦੇ ਆਧਾਰ ਤੇ ਨਬੇੜੇ ਜਾਂਦੇ ਰਹੇ। ਇਸ ਮਗਰੋਂ ਪੰਚਾਇਤ ਧਾਰਮਿਕ ਅਤੇ ਸਮਾਜਕ ਮਸਲਿਆਂ ਨਾਲ ਸੰਬੰਧਤ ਰਹੀ।

**ਪੁਸ਼ਾਕ**

ਪੁਸ਼ਾਕ ਦੇ ਮਾਮਲੇ ਵਿਚ ਪਾਰਸੀ ਬਹੁਤ ਉਦਾਰ ਹਨ। ਪਰ ਉਨ੍ਹਾਂ ਉਤੇ ਇਹ ਧਾਰਮਿਕ ਬੰਧਨ ਹੈ ਕਿ ਸਿਰ ਨੂੰ ਦਿਨ ਰਾਤ ਕੱਜ ਕੇ ਰੱਖਿਆ ਜਾਵੇ। ਪੁਰਸ਼ ਆਮ ਕਰਕੇ ਪਗੜੀਆਂ ਬੰਨ੍ਹਦੇ ਹਨ ਅਤੇ ਇਸਤਰੀਆਂ ਕਪੜੇ ਨਾਲ ਸਿਰ ਢਕਦੀਆਂ ਹਨ ਜਿਸ ਨੂੰ ਸਰਰਣ ਕਿਹਾ ਜਾਂਦਾ ਹੈ। ਅੱਜ ਕਲ ਇਸ ਨਿਯਮ ਦਾ ਪਾਲਣ ਪਹਿਲਾਂ ਵਾਲੀ ਦ੍ਰਿੜ੍ਹਤਾ ਨਾਲ ਨਹੀਂ ਕੀਤਾ ਜਾਂਦਾ।

ਪਾਠ ਨੰਬਰ : 2.5

## ਜੰਦ ਅਵੇਸਤਾ : ਸੰਖਿਪ ਜਾਣ-ਪਛਾਣ

### ਧਰਮ ਨਾਲ ਮੁਢਲੀ ਜਾਣ ਪਛਾਣ

ਜ਼ਰਤੁਸਤੀ ਮੱਤ (Zoroastrianism) ਪਾਰਸੀਆਂ ਦਾ ਧਰਮ ਹੈ ਜੋ ਕਿ ਮੂਲ ਰੂਪ ਵਿਚ ਪਹਿਲੋਂ ਈਰਾਨ ਦੇ ਵਸਨੀਕ ਸਨ ਅਤੇ ਪਿਛੋਂ ਇਨ੍ਹਾਂ ਵਿਚੋਂ ਕੁਝ ਭਾਰਤ ਵਿੱਚ ਆ ਕੇ ਵਸ ਗਏ। ਇਸ ਮੱਤ ਨੂੰ ਮੰਨਣ ਵਾਲਿਆਂ ਦੀ ਗਿਣਤੀ ਇਸ ਵੇਲੇ ਇਰਾਨ ਵਿਚ ਲਗਭਗ 30,000 ਅਤੇ ਭਾਰਤ ਵਿੱਚ ਲਗਭਗ ਦੋ ਲੱਖ ਹੈ। ਇਸ ਧਰਮ ਦਾ ਆਰੰਭ ਹਜ਼ਰਤ ਈਸਾ ਤੋਂ ਕੋਈ ਇੱਕ ਹਜ਼ਾਰ ਵਰ੍ਹੇ ਪਹਿਲਾਂ ਹੋਣ ਕਾਰਨ, ਇਸਨੂੰ ਸੰਸਾਰ ਦੇ ਮਹੱਤਵਪੂਰਨ ਪੁਰਾਤਨ ਧਰਮਾਂ ਵਿਚੋਂ ਗਿਣਿਆ ਜਾਂਦਾ ਹੈ।

### ਧਰਮ ਦਾ ਬਾਨੀ/ਧਰਮ ਦਾ ਇਤਿਹਾਸ

ਜ਼ਰਤੁਸਤੀ ਧਰਮ ਦੇ ਬਾਨੀ ਬਾਰੇ ਅਤੇ ਇਸਦੇ ਇਤਿਹਾਸ ਬਾਰੇ ਕੋਈ ਪ੍ਰਮਾਣਿਕ ਤੱਥ ਨਹੀਂ ਮਿਲਦੇ ਕਿਉਂਕਿ ਇਸ ਬਾਰੇ ਬਹੁਤਾ ਸਾਹਿਤ ਨਸ਼ਟ ਹੋ ਗਿਆ ਹੈ। ਫੇਰ ਵੀ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਧਰਮ ਦਾ ਸੁਨਹਿਰੀ-ਕਾਲ ਲਗਭਗ ਛੇ ਸੌ ਈਸਵੀ ਪੂਰਵ ਸੀ ਅਤੇ ਇਸਦਾ ਬਾਨੀ ਪੈਗੰਬਰ ਜ਼ਰਤੁਸ਼ਤ ਸੀ ਜਿਸਨੇ ਆਪਣੀ ਆਦਿਵਾਸੀ ਜਨਤਾ ਨੂੰ ਪੁਰਾਣੇ ਰੂੜ੍ਹੀਵਾਦੀ ਪੂਜਾ-ਪਾਠ ਦੀ ਪਧਤੀ ਤੋਂ ਉਤਾਂਹ ਚੁੱਕ ਕੇ ਇੱਕ ਨੈਤਿਕ ਸਿਧਾਂਤ ਵਾਲੇ ਅਗਾਂਹ ਵਧੂ ਧਰਮ ਨੂੰ ਮੰਨਣ ਅਤੇ ਇਸਦੇ ਅਸੂਲਾਂ ਤੇ ਚਲਣ ਲਈ ਪ੍ਰੇਰਿਆ।

### ਧਰਮ ਦੇ ਮੂਲ ਸਿਧਾਂਤ

ਇਹ ਮੱਤ ਬਹੁਤ ਗੁੰਝਲ ਪੂਰਨ ਮੱਤ ਨਹੀਂ। ਇਹ ਸਾਦ-ਮੁਰਾਦਾਂ ਜਿਹਾ ਮੱਤ ਹੈ। ਇਸ ਵਿਚ ਬਹੁਤਾ ਧਿਆਨ ਆਚਰਨ ਉਸਾਰੀ ਵੱਲ ਦਿੱਤਾ ਗਿਆ ਹੈ। ਉੱਚਾ ਇਖਲਾਕ ਅਤੇ ਇਕ ਪਰਮਾਤਮਾ ਦੀ ਪੂਜਾ ਇਸਦੇ ਮੁੱਖ ਸਿਧਾਂਤ ਹਨ। ਇਸ ਮੱਤ ਦੇ ਅਨੁਸਾਰ ਸੰਸਾਰ ਵਿੱਚ ਦੋ ਸ਼ਕਤੀਆਂ ਕੰਮ ਕਰਦੀਆਂ ਹਨ। ਇੱਕ ਨੇਕ-ਸ਼ਕਤੀ ਹੈ ਅਤੇ ਦੂਜੀ ਬਦ-ਸ਼ਕਤੀ ਹੈ। ਨੇਕ-ਸ਼ਕਤੀ ਦੀ ਪ੍ਰਤਿਨਿਧਤਾ ਅਹੁਰਮਜ਼ਦ (ਓਹੁਰਮਜ਼ਦ) ਨਾਂ ਦਾ ਦੇਵਤਾ ਕਰਦਾ ਹੈ ਜੋ ਕਿ ਨੂਰ ਦਾ ਦੇਵਤਾ ਹੈ। ਇਸ ਦੇਵਤੇ ਦੇ ਛੇ ਗੁਣ ਹਨ ਜੋ ਕਿ ਸੱਚ, ਰਹਿਮ, ਦਿਆਲਤਾ, ਤੰਦਰੁਸਤੀ ਆਦਿ ਵਿੱਚ ਪ੍ਰਗਟ ਹੁੰਦੇ ਹਨ।

ਦੂਜੇ ਬੰਨੇ ਐਂਗਰ ਮੈਨਯੂ (Angra Manyu) ਬਦੀ ਦਾ ਮਾਲਕ ਹੈ ਅਤੇ ਇਸ ਦੀ ਦ੍ਰੋਹੀ-ਰੂਹ ਦੀ ਪ੍ਰਤੀਨਿਧਤਾ ਰਾਖਸ਼ਾਂ ਦੇ ਗੁਟ (Horde of Demons) ਦੁਆਰਾ ਕੀਤੀ ਜਾਂਦੀ ਹੈ।

ਆਰੰਭ ਵਿਚ ਤਾਂ ਸ਼ਕਤੀ ਦਾ ਭੇਦਭਾਵ ਬਣਿਆ ਰਹਿੰਦਾ ਹੈ ਪਰੰਤੂ ਬਾਅਦ ਵਿਚ ਨੇਕੀ ਬਦੀ ਉੱਤੇ ਜਿੱਤ ਪ੍ਰਾਪਤ ਕਰਕੇ ਅਭੇਦਭਾਵ ਵਿੱਚ ਬਦਲ ਜਾਂਦੀ ਹੈ। ਸੰਸਾਰ ਵਿਚ ਇਨ੍ਹਾਂ ਸ਼ਕਤੀਆਂ ਦੇ ਯੁੱਧ ਵਿਚ, ਮਨੁੱਖ ਕਿਸੇ ਨਾ ਕਿਸੇ ਪੱਖੋਂ ਸ਼ਾਮਿਲ ਹਨ। ਨੇਕੀ ਦਾ ਪੱਖ ਪੂਰਣ ਵਾਲਾ ਮਨੁੱਖ ਅਹੁਰਰਗਜ਼ਦ ਦੀ ਸੇਵਾ ਵਿੱਚ ਲਗਿਆ ਅੰਤ ਵਿੱਚ ਸਿੱਧਾ ਸਵਰਗ ਵਿੱਚ ਜਾਂਦਾ ਹੈ। ਅਹਿਰਮਾਨ ਦੀ ਦ੍ਰੋਹੀ ਰੂਹ ਦਾ ਪੱਖ ਪੂਰਣ ਵਾਲਾ ਅਰਥਾਤ ਭੈੜੇ ਕੰਮ ਕਰਨ ਵਾਲਾ ਜਾਂ ਤਾਂ ਸਿੱਧਾਂ ਨਰਕ ਵਿੱਚ ਜਾਂਦਾ ਹੈ ਜਾਂ ਫਿਰ ਕਿਸੇ ਅਜਿਹੀ ਅਵਸਥਾ ਵਿੱਚ ਜਾਂਦਾ ਹੈ ਜਿੱਥੇ ਉਸਦਾ ਸੁਧਾਰ ਹੋ ਸਕੇ।

ਅਹੁਰਮਾਜ਼ਦ ਦੀ ਸੇਵਾ ਭਾਵ ਉਸਦੇ ਗੁਣ-ਗਾਣ ਕਰਨਾ ਨਹੀਂ ਸਗੋਂ ਉਸਦੀ ਜਿੱਤ ਲਈ ਕੰਮ ਕਰਨਾ ਹੈ।। ਇਸ ਪ੍ਰਕਾਰ ਜ਼ਰਤੁਸ਼ਤੀ ਮੱਤ ਧਰਮ-ਯੁੱਧ ਦਾ ਹਾਮੀ ਹੈ। ਧਰਮ-ਯੁੱਧ ਦਾ ਭਾਵ ਉਹ ਸਭ ਨੇਕ ਕੰਮ ਕਰਨੇ ਜੋ ਜੀਵਨ ਨੂੰ ਹੋਰ ਸਦਾਚਾਰਕ ਅਤੇ ਲਾਹੇਵੰਦ ਬਣਾਉਣ ਵਿੱਚ ਸਹਾਇਕ ਹੁੰਦੇ ਹਨ। ਇਸ ਅਨੁਸਾਰ ਸੱਚ ਬੋਲਣਾ, ਗਊ ਰਖਿਆ ਕਰਨੀ, ਜੀਵ ਹਿੰਸਾ ਨਾ ਕਰਨੀ, ਮੰਦੇ ਕਰਮਾਂ ਤੋਂ ਬਚਣਾ ਆਦਿ ਸਾਰੇ ਚੰਗੇ ਅਸੂਲ ਹਨ।

ਇਸ ਪ੍ਰਕਾਰ ਇਹ ਧਰਮ ਦੇ ਮੰਨਣ ਵਾਲੇ ਇੱਕ ਪਰਮਾਤਮਾ ਦੀ ਹੋਂਦ, ਸਵਰਗ-ਨਰਕ, ਅਗਨੀ-ਪੂਜਾ ਵਿਚ ਵਿਸ਼ਵਾਸ ਰੱਖਦੇ ਹਨ। ਇਹ ਧਰਮ ਨਿਸ਼ਚਿਤ ਤੌਰ ਤੇ ਈਰਾਨ ਵਿੱਚ ਉਸ ਸਮੇਂ ਪਰਚਲਿਤ ਬਹੁਦੇਵਵਾਦ (Polytheism) ਦਾ ਵਿਰੋਧੀ ਸੀ। ਇੱਕ ਰੱਬ ਦੀ ਹੋਂਦ ਵਿੱਚ ਯਕੀਨ ਅਤੇ ਨੈਤਿਕਤਾ ਤੇ ਜ਼ੋਰ, ਸਭਿਆਚਾਰਕ ਅਤੇ ਸਭਿਅਤਾ ਵਿਕਾਸ ਵਿਚ ਯਕੀਨ ਰਖਾਉਣ ਵਾਲਾ ਉਚ ਧਰਮ ਸੀ ਅਤੇ ਅੱਜ ਵੀ ਇਸ ਧਰਮ ਦਾ ਅਸਰ ਯਹੂਦੀ ਮੱਤ ਉਤੇ ਪ੍ਰਤੱਖ ਰਖਿਆ ਜਾ ਸਕਦਾ ਹੈ।

**ਜ਼ਰਤੁਸਤ ਰਸਮੀ ਦੇ ਪਵਿਤ੍ਰ ਗ੍ਰੰਥ**

ਇਰਾਨੀ ਲੋਕਾਂ ਕੋਲ ਪਹਿਲਾਂ ਪਹਿਲ ਬਹੁਤ ਧਰਮ ਗ੍ਰੰਥ ਸਨ। ਇਹ ਹਿੰਦੂ ਧਰਮ ਵਿੱਚ ਵੇਦਾਂ ਵਾਂਗ ਸਨ ਅਤੇ ਇਨ੍ਹਾਂ ਨੂੰ ਅਵੇਸਤਾ (Avesta) ਕਿਹਾ ਜਾਂਦਾ ਸੀ। ਬਾਅਦ ਵਿੱਚ ਇਸਨੂੰ ਅਵਿਸਤਾਕ (Avistak) ਜਾਂ ਪਾਜੰਦ ਅਵਿਸਤਾਕ ਕਿਹਾ ਜਾਣ ਲੱਗਾ। ਵਿਦਵਾਨ ''ਆਵਿਸਤਾਕ'' ਸ਼ਬਦ ਦੀ ਉੱਤਪਤੀ ਪੁਰਾਤਨ ਸ਼ਬਦ ''ਉਪਾਸਤਾ'' (Upasta) ਤੋਂ ਹੋਈ ਦਸਦੇ ਹਨ ਜਿਸਦਾ ਅਰਥ ''ਆਧਾਰ'' ਅਥਵਾ 'ਆਧਾਰ ਪੁਸਤਕ' ਹੈ। ਜਦੋਂ ਪਹਿਲਵੀ ਭਾਸ਼ਾ ਜ਼ਿਆਦਾ ਪ੍ਰਚਲਿਤ ਹੋ ਗਈ ਤਾਂ ਇਨ੍ਹਾਂ ਨੂੰ ਅਵਿਸਤਾਕ-ਉਤ-ਜੰਦ ਕਿਹਾ ਗਿਆ। ਸ਼ਬਦ ਜੰਦ (Zend) ਦਾ ਭਾਵ ''ਭਾਸ਼ਾ'' ਜਾਂ ''ਟੀਕਾ'' ਤੋਂ ਲਿਆ ਜਾਂਦਾ ਹੈ ਜਿਸਦਾ ਅਰਥ ਵਰਤਮਾਨ ਸਮੇਂ ਵਿਚ ਪਾਰਸੀਆ ਦੇ ਮੂਲ ਅਵੇਸਤਾ-ਗ੍ਰੰਥ ''ਭਾਸ਼ਾ'' ਜਾਂ ''ਟੀਕਾ'' ਤੋਂ ਲਿਆ ਜਾਂਦਾ ਹੈ ਜਿਸਦਾ ਅਰਥ ਵਰਤਮਾਨ ਸਮੇਂ ਵਿਚ ਪਾਰਸੀਆਂ ਦੇ ਮੂਲ ਅਵੇਸਤਾ-ਗ੍ਰੰਥ ਦਾ ਪਹਿਲਵੀ-ਭਾਸ਼ਾ ਵਿੱਚ ਅਨੁਵਾਦ ਜਾਂ ਭਾਸ਼ ਹੈ।

ਅਵੇਸਤਾ ਅਥਵਾ ਜੰਦ-ਆਵੇਸਤਾ ਜਿਸ ਰੂਪ ਵਿੱਚ ਪ੍ਰਾਪਤ ਹੈ ਇਹ ਇੱਕ ਗ੍ਰੰਥ ਨਹੀਂ ਬਲਕਿ ਕਈ ਗ੍ਰੰਥਾਂ ਦਾ ਸਮੂਹ ਹੈ। ਕੋਈ ਵੀ ਇਕ ਗ੍ਰੰਥ ਆਪਣੇ ਆਪ ਵਿੱਚ ਪੂਰਣ ਵੇਰਵਾ ਨਹੀਂ ਰਖਦਾ। ਜੋ ਕੁਝ ਵੀ ਹੁਣ ਅੰਸ਼ਿਕ ਰੂਪ ਵਿਚ ਪ੍ਰਾਪਤ ਹੈ ਇਸ ਨੂੰ ਦੋ ਮੁਖ ਅੰਸ਼ਾਂ ਵਿਚ ਵੰਡਿਆ ਜਾ ਸਕਦਾ ਹੈ।

1. ਅਵੇਸਤਾ (Avesta)
2. ਖੋਰਦਾ ਅਵੇਸਤਾ (Khorda Avesta)

ਅਵੇਸਤਾ ਦਾ ਭਾਵ ਮੂਲ ਜਾਂ ਵੱਡੀ ਅਵੇਸਤਾ ਹੈ ਅਤੇ ਖੋਰਦ ਅਵੇਸਤਾ ਦਾ ਭਾਵ ਛੋਟੀ ਅਵੇਸਤਾ ਹੈ।

ਅਵੇਸਤਾ ਵਿੱਚ ਮੁੱਖ ਤਿੰਨ ਗ੍ਰੰਥ ਸ਼ਾਮਿਲ ਹਨ :-

(i) ਯਾਸਨਾ (Yasna) ਇਸ ਵਿਚ ਗਾਥਾਵਾਂ ਦਾ ਸਮੂਹ ਅਤੇ ਸਲੋਕ, ਧਾਰਮਿਕ ਰਸਮਾਂ ਹਨ।

(ii) ਵਿਸਪੀਰਦ (Vispered) ਇਸ ਵਿੱਚ ਕਰਮ ਕਾਂਡ, ਅਰਦਾਸਾਂ ਆਦਿ ਹਨ।

(iii) ਵੇਂਦੀਦਾਦ (Vendidad) ਇਹ ਨੈਤਿਕ ਨਿਯਮਾਂ, ਕਾਨੂੰਨਾਂ ਅਤੇ ਮਿਥਿਹਾਸਿਕ ਕਹਾਣੀਆਂ ਦਾ ਸੰਗ੍ਰਹਿ ਹੈ : ਖੋਰਦਾ ਆਵੇਸਤਾ ਅਰਥਾਤ ਲਘੂ ਅਵੇਸਤਾ ਵਿਚ ਯਾਸਤ (Yasts) ਅਤੇ ਅਰਦਾਸਾਂ (Prayers) ਆਮ ਜਨਤਾ ਵਿਚ ਪ੍ਰਚਲਿਤ ਹਨ ਜੋ ਆਪਣੇ ਇਸ਼ਟ ਦੀ ਉਸਤਤੀ ਲਈ ਪ੍ਰਯੋਗ ਕਰਦੇ ਹਨ :

ਜ਼ਰਤੁਸਤ ਧਰਮ ਦੀਆਂ ਪੁਸਤਕਾਂ ਮੂਲ ਰੂਪ ਵਿੱਚ ਉਪਨਿਸ਼ਦਾਂ ਵਾਂਗ ਸੰਵਾਦ (Gospel) ਅਰਥਾਤ ਪ੍ਰਸ਼ਨ-ਉਤਰਾਂ ਦੇ ਰੂਪ ਵਿੱਚ ਹਨ ਜਿਹਨਾਂ ਵਿਚ ਬਹੁਤੇ ਥਾਵੀਂ ਮਹਾਤਮਾ ਜ਼ਰਤੁਸਤ ਅਹੁਰਾਮਾਜ਼ਦਾ ਕੋਲੋਂ ਸਵਾਲ ਪੁੱਛਦਾ ਹੈ ਅਤੇ ਅਹੁਰਮਜ਼ਦ ਉਨ੍ਹਾਂ ਦਾ ਉੱਤਰ ਦਿੰਦਾ ਹੈ। ਇਨ੍ਹਾਂ ਉਤਰਾਂ ਦੇ ਆਧਾਰ ਤੇ ਹੀ ਜ਼ਰਤੁਸ਼ਤੀ ਧਰਮ ਦਾ ਨੈਤਿਕ, ਸਮਾਜਿਕ ਅਤੇ ਪੂਜਨ ਪੱਧਤੀ ਆਦਿ ਦਾ ਧਾਰਮਿਕ ਰੂਪ ਸਪੱਸ਼ਟ ਹੁੰਦਾ ਹੈ। ਬਾਕੀ ਥਾਵੀਂ ਜ਼ਰਤੁਸਤ ਅਤੇ ਉਸਦੇ ਹੋਰ ਅਨੁਆਈਆਂ ਦੁਆਰਾ ਅਹੁਰ-ਮਾਜ਼ਦਾ ਵਿਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਜਾਂ ਉਸਦੀ ਉਸਤਤੀ ਕੀਤੀ ਗਈ ਹੈ।

ਇਹਨਾਂ ਸਾਰੇ ਧਾਰਮਿਕ ਗ੍ਰੰਥਾਂ ਦੀ ਵਿਸਥਾਰ ਪੂਰਵਕ ਵਿਆਖਿਆ ਨਿਮਨਲਿਖਤ ਹੈ :

**ਯਾਸਨਾ (Yasna)**

ਅਵੇਸਤਾ ਦੇ ਸ਼ਬਦ ਯਾਸਨਾ (Yasna) ਦਾ ਅਰਥ ਬਲੀ-ਯੱਗ ਜਾਂ ਪੂਜਾ ਹੈ। ਇਸ ਵਿਚ ਪੂਜਾ-ਪਾਠ ਅਤੇ ਕਰਮ-ਕਾਂਡ ਸੰਬੰਧੀ ਪਾਕ ਨਿਯਮ ਦਿਤੇ ਹਨ ਜੋ ਕਿ ਪੁਜਾਰੀ ਯੱਗ ਆਦਿ ਕਰਨ ਸਮੇਂ ਵਰਤਦੇ ਹਨ।

ਯਾਸਨਾ ਜਿਸ ਵਿੱਚ 72 ਅਧਿਆਇ ਹਨ ਮੂਲ ਰੂਪ ਵਿਚ ਕਾਵਿਕ ਰਚਨਾ ਹੈ ਜਿਸ ਵਿੱਚ ਪ੍ਰਮਾਤਮਾ ਦੀ ਪ੍ਰਸ਼ੰਸਾ ਤੇ ਅਰਦਾਸ ਦੇ ਨਾਲ-ਨਾਲ ਗਾਥਾਵਾਂ ਵੀ ਸ਼ਾਮਿਲ ਹਨ। ਅਧਿਆਇ 1-27 ਇਸਦਾ ਪਹਿਲ ਭਾਗ ਹੈ ਜੋ ਕਿ ਅਹੁਰਮਜ਼ਦ ਅਤੇ ਯਜਤਾਸ ਦੀ ਉਸਤਤੀ ਨਾਲ ਸ਼ੁਰੂ ਹੁੰਦਾ ਹੈ। ਇਸ ਵਿਚ ਪਵਿੱਤਰ ਜਲ (Zoathra) ਅਤੇ ਬਰੇ ਸਮਾਨ (Bundle of Sacred Twig) ਤਿਆਰ ਕਰਨ ਸਮੇਂ ਮੰਤਰ ਰੂਪਾਂ ਵਿਚ ਪੜ੍ਹਿਆ ਜਾਂਦਾ ਹੈ। ਪਵਿੱਤਰ ਰੋਟੀ ਦਰਾਓਨਾ ਤਿਆਰ ਕਰਨ ਅਤੇ ਭੇਟਾ ਕਰਨ ਸਮੇਂ ਵੀ ਇਸਦੇ ਸਲੋਕ ਉਚਾਰੇ ਜਾਂਦੇ ਹਨ।

ਧਰਮ-ਗ੍ਰੰਥ ਦਾ ਇਹ ਹਿੱਸਾ ਜ਼ਰਤੁਸ਼ੀ ਧਰਮ ਦਾ ਸਾਰ-ਤੱਤ ਮੰਨਿਆ ਜਾਂਦਾ ਹੈ। ਇਸਦੇ ਸ਼ਲੋਕਾਂ ਵਿੱਚ ਨੇਕੀ ਦੇ ਦੇ

ਵਤਾ ਦੀ ਪ੍ਰਤਿਸ਼ਟਾ ਕਰਕੇ ਸ਼ਰਧਾ ਨਾਲ ਉਸ ਦਾ ਧਿਆਨ ਕਰਕੇ ਉਸਦੀ ਉਸਤਤੀ ਕੀਤੀ ਜਾਂਦੀ ਹੈ। ਬਦੀ ਦੇ ਦਾਨਵਾਂ ਤੋਂ ਬਚਣ ਲਈ ਪ੍ਰਾਰਥਨਾਂ ਕੀਤੀ ਜਾਂਦੀ ਹੈ। ਨੇਕੀ ਦੇ ਦੇਵਤਾ ਅਹੂਰਾ-ਮਾਜ਼ਦਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਜਾਂਦਾ ਹੈ ਅਤੇ ਧਰਮ ਦੀ ਬਾਨੀ ਦੇ ਹੁਕਮ ਵਿੱਚ ਚਲਣ ਦੀ ਇੱਛਾ ਦਾ ਇਜ਼ਹਾਰ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਗੁਣ ਗਾਣ ਕਰਕੇ ਪ੍ਰਮਾਤਮਾ ਨਾਲ ਸੰਬੰਧ ਸਥਾਪਿਤ ਕੀਤਾ ਜਾਂਦਾ ਹੈ। ਅਰਦਾਸ ਕੀਤੀ ਜਾਂਦੀ ਹੈ ਕਿ ਨੇਕੀ ਦਾ ਦੇਵਤਾ ਇਸ ਦੇ ਅਨੁਯਾਈਆਂ ਨੂੰ ਨੇਕ ਰਾਹ ਤੇ ਚਲਣ ਦੀ ਸਮਰੱਥਾ ਬਖਸ਼ੇ।

**ਯਾਸਨਾਂ ਗ੍ਰੰਥ ਵਿਚੋਂ ਨਮੂਨਾ**

ਮੈਂ ਦੈਂਤਾਂ ਨੂੰ ਖਦੇੜਦਾ ਹਾਂ। ਮੈਂ ਅਹੁਰਮਜ਼ਦ ਨੂੰ ਪੂਜਣ ਵਾਲਾ ਹਾਂ। ਦੈਂਤਾਂ ਦੇ ਉਲਟ ਹਾਂ ਅਤੇ ਭਗਵਾਨ ਮਾਜ਼ਦਾ ਦੀ ਸ਼ਰਧਾ ਵਿੱਚ ਜੁੜਿਆ ਹਾਂ। ਮੈਂ ਨੇਕੀ ਦੇ ਮਾਲਕ ਅਹੁਰਮਜ਼ਦ ਅਤੇ ਉਸਦੇ ਕਈ ਹੋਰ ਅਮਰ ਕ੍ਰਿਪਾਲੂ ਪੁਰਖਾਂ ਦਾ ਪ੍ਰਸ਼ੰਸਕ ਹਾਂ। ਅਹੁਰਮਜ਼ਦ ਪਾਸ ਨੇਕ ਅਹੁਰਮਜ਼ਦ ਹਨ। ਸਾਰੀ ਨੇਕੀ ਉਸ ਪਵਿੱਤਰ, ਸ਼ਾਨ ਵਾਲੇ ਅਤੇ ਨੂਰਾਨੀ ਪੁਰਖ ਦੇ ਸੁਭਾਅ ਦਾ ਗੁਣ ਹੈ। ਸਭ ਚੰਗੀਆਂ ਵਸਤੂਆਂ ਉਸਦੀ ਹੀ ਮਲਕੀਅਤ ਹਨ। ਉਸੇ ਦੀ ਕਾਇਨ (Kine) ਹੈ। ਉਸੇ ਦੀ ਆਸ਼ਾ (Asha) ਹੈ ਜਿਸਦੀ ਸੰਸਾਰ ਦੇ ਸਾਰੇ ਵਰਤਾਰੇ ਤੇ ਧਾਂਕ ਹੈ। ਤਾਰੇ ਵੀ ਉਸਦੇ ਹਨ ਅਤੇ ਉਸਦੇ ਨੂਰ ਬਸਤਰ ਪੈਹਨੀ ਸਾਰੀਆਂ ਵਸਤੂਆਂ ਸ਼ਸ਼ੋਭਤ ਹਨ.....ਅਤੇ ਮੈਂ ਮਾਜ਼ਦਾ ਮੱਤ ਵਿੱਚ ਵਿਸ਼ਵਾਸ ਰਖਦਾ ਹਾਂ। ਮਾਜ਼ਦਾ ਮੱਤ ਦੀ ਦ੍ਰਿੜ੍ਹ ਬਾਣੀ ਜੋ ਲੜਖੜਾਉਂਦੇ ਅਤੇ ਡੋਲਦੇ ਵਿਅਕਤੀਆਂ ਨੂੰ ਸਥਿਰ ਕਰਦੀ ਹੈ। ਮਾਜ਼ਦਾ ਦਾ ਮੱਤ ਪ੍ਰੇਮ-ਵਿਆਹ ਵਾਂਗ ਹੈ। ਇਹ ਇੱਕ ਪਾਕ ਸੰਸਥਾ ਹੈ ਅਤੇ ਇਹ ਅਜਿਹਾ ਮੱਤ ਹੈ ਜੋ ਅੱਜ ਤੱਕ ਹੋਂਦ ਵਿਚ ਆਏ ਧਰਮਾਂ ਅਤੇ ਅੱਗੋਂ ਹੋਂਦ ਵਿਚ ਆਉਣ ਵਾਲੇ ਸਭ ਧਰਮਾਂ ਵਿਚੋਂ ਸ੍ਰੇਸ਼ਠ ਅਤੇ ਸੁੰਦਰ ਧਰਮ ਹੈ। ਅਹੂਰਾ ਦਾ ਧਰਮ। ਜ਼ਰਤੁਸਤ ਦਾ ਨੇਕ ਮਤ।

ਸੰਸਾਰ ਦੀ ਸਾਰੀ ਨੇਕੀ ਮੈਂ ਅਹੁਰਮਜ਼ਦ ਨਾਲ ਜੋੜਦਾ ਹਾਂ ਅਤੇ ਅਜਿਹਾ ਵਿਸ਼ਵਾਸ ਹੀ ਮਾਜ਼ਦਾ-ਪੰਥੀਆਂ ਦਾ ਸਹੀ ਧਰਮ ਹੈ।

**ਗਾਥਾਵਾਂ (Gathas)**

ਜ਼ਰਤੁਸਤ ਮੱਤ ਦੇ ਪਵਿਤਰ ਗ੍ਰੰਥ ਅਵੇਸਤਾ ਵਿਚ (ਅਧਿਆਇ 28-51, 53) ਗਾਥਾਵਾਂ ਦਾ ਕੇਂਦਰੀ ਸਥਾਨ ਹੈ। ਇਨ੍ਹਾਂ ਦਾ ਰੂਪ ਗੀਤ-ਕਾਵਿ ਹੈ। ਇਹ ਬਹੁਤ ਪੁਰਾਤਨ ਹੈ। ਇਨ੍ਹਾਂ ਦੀ ਰਚਨਾ ਵੀ ਛੇ ਸੌ ਸਾਲ ਈਸਾ-ਪੂਰਵ ਮੰਨੀ ਜਾਂਦੀ ਹੈ। ਇਹ ਜ਼ਰਤੁਸਤ ਮੱਤ ਦੇ ਨੈਤਿਕ ਪੱਖ ਨੂੰ ਇਸਦੇ ਮੂਲ ਆਦਿਵਾਸੀ ਰੂਪ ਦੀ ਸ਼ਾਨ ਪੇਸ਼ ਕਰਦੀਆਂ ਹਨ। ਇਨ੍ਹਾਂ ਗਾਥਾਵਾਂ ਵਿਚ ਕਰਮ-ਕਾਂਡ ਅਰਥਾਤ ਪੂਜਾ ਪਾਠ ਆਦਿ ਪੱਧਤੀਆਂ ਦਾ ਉਕਾ ਵਰਨਣ ਨਹੀਂ ਜੋ ਕਿ ਪਿਛੋਂ ਪ੍ਰਚਲਿਤ ਹੋਈਆਂ ਦੱਸੀਆਂ ਜਾਂਦੀਆਂ ਹਨ।

**ਗਾਥਾਵਾਂ ਵਿਚ ਧਰਮ ਦਾ ਸਰੂਪ**

ਇਨ੍ਹਾਂ ਗਾਥਾਵਾਂ ਵਿੱਚ ਜ਼ਰਤੁਸਤ ਮੱਤ ਦੇ ਪੈਗੰਬਰੀ, ਆਦੇਸ਼ਾਂ ਅਤੇ ਅੰਗਾਂ ਦਾ ਹੀ ਵਰਨਣ ਆਉਂਦਾ ਹੈ। ਮਹਾਤਮਾ ਜ਼ਰਤੁਸਤ ਦੇ ਇਲਹਾਮਾਂ ਦਾ ਵਰਨਣ ਹੈ। ਇਨ੍ਹਾਂ ਵਿੱਚ ਹੀ ਮਨੁੱਖ ਦੇ ਬ੍ਰਹਿਮੰਡੀ ਰੋਲ ਦੀ ਵਿਆਖਿਆ ਕੀਤੀ ਗਈ ਹੈ ਇਨ੍ਹਾਂ ਅਨੁਸਾਰ ਇਸਨਾਨ ਦਾ ਨੇਕ ਰੂਪ ਦੇ ਉੱਚ ਆਦਰਸ਼ ਕਾਰਜਾਂ ਵਿਚ ਯੋਗਦਾਨ ਪਾ ਕੇ ਬਦੀ ਦੇ ਦੈਂਤਾਂ (Angra Mainyu) ਨੂੰ ਹਰਾਉਣ ਵਿੱਚ ਯੋਗਦਾਨ ਪਾਉਣਾ ਉੱਚ ਕਰਤੱਵ ਦੱਸਿਆ ਗਿਆ ਹੈ। ਸੰਸਾਰ ਦੇ ਸਾਰੇ ਜੀਵਾਂ ਵਿਚੋਂ ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜੋ ਇਸ ਯੁੱਧ ਵਿਚੋਂ ਇਲ੍ਹਾਂ ਪੱਖਾਂ ਵਿਚੋਂ ਕਿਸੇ ਇਕ ਦੀ ਚੋਣ ਕਰ ਸਕਦਾ ਹੈ ਅਤੇ ਉਹ ਇਸ ਚੋਣ ਦਾ ਪ੍ਰਗਟਾਵਾ ਆਪਣੀ ''ਕਥਨੀ'' ਰਾਹੀਂ ਨਹੀਂ ਸਗੋਂ ਆਪਣੇ ''ਕਰਮਾਂ'' ਰਾਹੀਂ ਕਰਦਾ ਹੈ। ਜੇਕਰ ਉਹ ਆਪਣੀ ਘਾਲਣਾ ਰਾਹੀਂ ਪਸ਼ੂ ਪਾਲਦਾ ਹੈ, ਧਰਤੀ ਨੂੰ ਖੇਤੀ ਯੋਗ ਬਣਾਉਂਦਾ ਹੈ, ਕਿਤੇ ਬਸੇਰਾ ਬਣਾਉਂਦਾ ਹੈ ਅਤੇ ਸਭਯ ਤਰੀਕੇ ਨਾਲ ਜੀਵਨ ਨਿਰਬਾਹ ਕਰਦਾ ਹੈ ਅਰਥਾਤ ਮਨੁੱਖੀ ਜੀਵਨ ਨੂੰ ਹੋਰ ਸੁੰਦਰ, ਸਭਿਆਚਾਰਕ ਅਤੇ ਸਭਿਅਤਾ ਪੂਰਣ ਬਣਾਉਂਦਾ ਹੈ ਤਾਂ ਨਿਸ਼ਚਿਤ ਤੌਰ ਤੇ ਉਹ ਨੇਕ-ਰੂਹ ਅਹੁਰਮਜ਼ਦ (Ahur Mazda) ਦਾ ਪੈਰੋਕਾਰ ਹੈ ਅਤੇ ਅੰਤ ਵਿੱਚ ਸਰਿਸ਼ਟੀ ਦੇ ਇਸ ਉਥਾਨ ਵਿੱਚ ਹਿਸੇਦਾਰ ਹੋਣ ਵਜੋਂ ਨੇਕ ਨਿਆਮਤਾਂ ਦਾ ਹੱਕਦਾਰ ਬਣ ਜਾਂਦਾ ਹੈ। ਇਸਦੇ ਉਲਟ ਜੇਕਰ ਉਹ ਘਟੀਆ ਅਤੇ ਦੁਰਾਚਾਰੀ ਰਾਹ ਅਪਣਾਉਂਦਾ ਸਿਰਫ ਵਿਨਾਸ਼ ਦੇ ਰਾਹ ਤੇ ਚਲਦਾ ਜੀਵਨ ਨੂੰ ਹੋਰ ਕੋਝਾ ਕਰੂਪ ਅਤੇ ਦੁਖਦਾਈ ਬਣਾਉਂਦਾ ਹੈ ਤਾਂ ਉਹ ਸ਼ੈਤਾਨ ਦੇ ਰਾਹ ਤੇ ਚਲਦਾ ਹੈ ਅਤੇ ਅੰਤ ਵਿਚ ਉਸਨੂੰ ਨਰਕ ਦਾ ਵਾਸ ਪ੍ਰਾਪਤ ਹੁੰਦਾ ਹੈ।

ਇਨ੍ਹਾਂ ਗਾਥਾਵਾਂ ਦੇ ਕਾਵਿ ਰੂਪ ਕਿਤੇ ਕਿਤੇ ਨੇਕ-ਰੂਹ (Ahur Mazda) ਨੂੰ ਸੰਬੋਧਨ ਕਰਦੇ ਹਨ ਕਦੇ ਉਸ ਕੋਲੋਂ ਨੇਕ ਰਾਹ ਤੇ ਚਲਣ ਦੀ ਬਖਸ਼ਿਸ਼ ਮੰਗਦੇ ਹਨ ਅਤੇ ਉਨ੍ਹਾਂ ਸਭ ਸ਼ਕਤੀਆਂ ਦਾ ਸਹਾਰਾ ਲੈਂਦੇ ਹਨ ਜੋ ਨੇਕ ਰਾਹ ਤੇ ਚਲਣ ਵਿੱਚ ਸਹਾਇਕ ਹੋਣ। ਇਨ੍ਹਾਂ ਗਾਥਾਵਾਂ ਵਿੱਚ ਨੇਕ ਰਾਹ ਤੇ ਚਲਣ ਦੇ ਫਲ ਦਾ ਵੀ ਵਰਨਣ ਆਉਂਦਾ ਹੈ ਅਰਥਾਤ ਇਨ੍ਹਾਂ ਵਿੱਚ ਦਸਿਆ ਗਿਆ ਹੈ ਕਿ ਨੇਕ ਰਾਹ ਤੇ ਚਲਣ ਵਾਲੇ ਸਿੱਧੇ ਸਵਰਗ ਵਿੱਚ ਜਾਂਦੇ ਹਨ ਅਤੇ ਦਸਿਆ ਗਿਆ ਹੈ ਕਿ ਬਦ ਰੂਹਾਂ ਦਾ ਮਾੜਾ ਹਸ਼ਰ ਹੁੰਦਾ ਹੈ ਅਤੇ ਨਰਕ ਦੀ ਪ੍ਰਾਪਤੀ ਹੁੰਦੀ ਹੈ।
ਨੋਟ :- ਪੁਰਾਤਨ ਹੋਣ ਕਾਰਣ ਵਧੇਰੇ ਗਾਥਾਵਾਂ ਨਸ਼ਟ ਹੋ ਗਈਆਂ ਹਨ। ਕਿਤੇ ਕਿਤੇ ਇਹ ਇੰਨੀਆਂ ਬੁਰੀ ਤਰ੍ਹਾਂ ਨਸ਼ਟ ਹੋ ਗਈਆਂ ਹਨ ਕਿ ਪੜ੍ਹੀਆਂ ਵੀ ਨਹੀਂ ਜਾ ਸਕਦੀਆਂ। ਇਸ ਕਰਕੇ ਹੁਣ ਸਿਰਫ ਪੰਜ ਮੁੱਖ ਗਾਥਾਵਾਂ ਹੀ ਅਵੇਸਤਾ ਗ੍ਰੰਥ ਵਿੱਚ ਸੰਗ੍ਰਹਿਤ ਕੀਤੀਆਂ ਗਈਆਂ ਹਨ।

**ਅਪਰ ਯਾਸਨਾ (Apra Yasna)**

ਯਾਸਨਾ ਦਾ ਤੀਜਾ ਹਿੱਸਾ ਅਧਿਆਇ 52, 57-72 ਅਪਰ ਯਾਸਰਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਵਿੱਚ ਯਜਤਾਸ ਅਰਥਾਤ ਦੇਵਤਿਆਂ ਦੀ ਉਸਤਤੀ ਹੀ ਕੀਤੀ ਗਈ ਹੈ। ਇਹ ਹਿੱਸਾ ਪਿਛਲੇਰੀ ਯਾਸਨਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਗਾਥਾਵਾਂ ਦੇ ਮੂਲ ਪਾਠ (Original Text) ਇਸ ਪ੍ਰਕਾਰ ਹੈ :

(1)
ਜਦੋਂ ਜ਼ਰਤੁਸਤ ਨੇ ਕੁਦਰਤ ਨੂੰ ਆਪਣੀਆਂ ਅੱਖਾਂ ਨਾਲ ਵੇਖਕੇ ਅਤੇ ਇਸਦਾ ਗਹਿਰਾ ਅਰਥ ਆਪਣੇ
ਮਨ ਨਾਲ ਪਹਿਚਾਣ ਕੇ
''ਮਾਜ਼ਦਾ'' ਨੂੰ ਆਤਮਸਾਤ ਕੀਤਾ
ਅਤੇ ਪਹਿਚਾਣਿਆ ਕਿ ਉਹ
ਸਰਿਸ਼ਟੀ ਦੀ ਪਹਿਲੀ ਅਤੇ ਅੰਤਿਮ ਰਚਨਾ ਹੈ
ਓਹ ਨੇਕੀ ਦਾ ਪਿਤਾ ਹੈ
ਇਨਸਾਫ ਦਾ ਸੱਚ ਰਚਨਹਾਰਾ ਹੈ
ਅਤੇ
ਉਹ ਹੀ ਸੰਸਾਰ ਵਿਚ ਵਾਪਰ ਰਹੇ ਹਰ ਕਾਰਜ ਦਾ ਕਰਨਹਾਰਾ ਹੈ।
(ਅਤੇ ਇਸ ਇਲਹਾਮ ਤੋਂ ਪਿਛੋਂ ਜ਼ਰਤੁਸਤ ਨੇ ਅਰਜ਼ ਕੀਤੀ)
ਓ ਅਹੂਰਾ ਮਾਜ਼ਦਾ !
ਤੂੰ ਸਭ ਨੂੰ ਆਪਣੀ ਤੀਖਣ ਅਤੇ ਨੂਰਾਨੀ ਦ੍ਰਿਸ਼ਟੀ ਨਾਲ ਵੇਖ ਰਿਹਾ ਹੈ।
ਉਨ੍ਹਾਂ ਸਭ ਪ੍ਰਾਣੀਆਂ ਨੂੰ
ਜੋ ਪ੍ਰਸ਼ਨ ਪੁੱਛਦੇ ਹਨ ਅਤੇ
ਜੋ ਸਭ ਉਤੇ ਆਪਣੀ ਪ੍ਰਭੂ ਸੱਤਾ ਥੋਪਣਾ ਚਾਹੁੰਦੇ ਹਨ
ਮੈਨੂੰ ਆਪਣੀ ਜ਼ੁਬਾਨੀ ਦੱਸ
ਓ ਅਹੁਰ ਮਾਜ਼ਦਾ !
ਰੋਸ਼ਨ ਰੂਹਾਂ ਲਈ ਤੇਰਾ ਕੀ ਹੁਕਮ ਹੈ ?
ਤਾਂ ਕਿ ਮੈਂ ਸਭ ਨੇਕ ਪ੍ਰਾਣੀਆਂ ਨੂੰ
ਸ਼ੁਭ ਕਰਮ ਕਰਨ ਲਈ ਪ੍ਰੇਰ ਸਕਾਂ।
ਓ ਅਹੁਰ ਮਾਜ਼ਦਾ।
ਤੂੰ ਹੀ ''ਜੜ'' ਅਤੇ ''ਚੇਤਨ'' ਦਾ ਸਿਰਜਣਹਾਰ ਹੈ
ਤੂੰ ਸਰੀਰ ਰਚਦਾ ਹੈ
ਅਤੇ ਉਸ ਦੇ ਵਿੱਚ ਸਵਾਸ ਪਾਉਂਦਾ ਹੈ

ਤੂੰ ਹੀ ਉਨ੍ਹਾਂ ਸ਼ੁੱਭ ਕਰਮਾਂ ਅਤੇ ਨਿਯਮਾਂ ਨੂੰ ਰਚਦਾ ਹੈ
ਜਿਨ੍ਹਾਂ ਨਾਲ
ਪ੍ਰਾਣੀ ਸਦ-ਵਿਸ਼ਵਾਸ਼ ਵਿਚ ਸਥਿਰ ਹੁੰਦੇ ਹਨ
ਏਸੇ ਲਈ
ਹੇ ਆਹੂਰਮਾਜ਼ਦਾ
ਦਸ ਕੀ ਹੋਣਾ ਚਾਹੀਦਾ ਹੈ
ਅਤੇ ਕੀ ਨਹੀਂ ਹੋਣਾ ਚਾਹੀਦਾ
ਤਾਂ ਕਿ ਮੈਂ
ਸਹੀ ਦਿਸ਼ਾਂ ਨੂੰ ਪਹਿਚਾਣ ਸਕਾਂ
ਅਤੇ ਨੇਕ ਰਾਹ ਤੇ ਤੁਰ ਸਕਾਂ।
ਅਤੇ
ਇਸ ਤਰ੍ਹਾਂ ਤੇਰੀਆਂ ਯੋਗ ਨਿਰਮਤਾਂ ਪਾ ਸਕਾਂ।
ਓ, ਅਹੂਰ-ਮਾਜ਼ਦਾ ਵਰਤਮਾਨ ਅਤੇ ਭਵਿੱਖ ਬਾਰੇ
ਮੈਂ ਤੇਰੇ ਤੋਂ ਪੁਛਦਾ ਹਾਂ ਕਿ ਅੰਤਿਮ ਫੈਸਲੇ ਦੇ ਦਿਨ ''ਨੇਕ-ਪੁਰਸ਼'' ਨਾਲ ਕੀ ਸਲੂਕ ਹੁੰਦਾ ਹੈ ?
ਅਤੇ ''ਬਦ-ਪੁਰਸ਼ਾਂ ਦੀ ਕੀ ਦਸ਼ਾ ਹੁੰਦੀ ਹੈ ?
ਅਤੇ ਮੈਂ ਪੁੱਛਦਾ ਹਾਂ
ਓ ਆਹੂਰਮਾਜ਼ਦਾ।
ਉਨ੍ਹਾਂ ਨੂੰ ਕੀ ਸਜ਼ਾ ਮਿਲੇਗੀ
ਜੋ ਸ਼ੈਤਾਨ ਦੀ ਸੇਵਾ ਕਰਦੇ ਹਨ ?
ਉਹ ਜੋ ਆਪਣੇ ਸਾਥੀਆਂ ਅਤੇ ਪਸ਼ੂਆਂ ਤੇ
ਹਿੱਸਾ ਕਰਨ ਤੋਂ ਬਿਨਾਂ
ਕਿਸੇ ਹੋਰ ਤਰੀਕੇ ਰਾਹੀਂ
ਆਪਣੀ ਰੋਜ਼ੀ ਨਹੀਂ ਕਮਾ ਸਕਦੇ ?
ਓ ਅਹੁਰ-ਮਾਜ਼ਦਾ।
ਮੈਂ ਤੇਰੇ ਕੋਲੋਂ ਉਨ੍ਹਾਂ ਸਦ-ਰਾਹ ਤੇ ਤੁਰਨ ਵਾਲਿਆਂ ਬਾਰੇ ਪੁੱਛਦਾ ਹਾਂ
ਜੋ ਆਪਣੇ ਘਰਾਂ ਨੂੰ ਹੋਰ ਚੰਗਾ ਬਨਾਉਣ ਦੀ ਕੋਸ਼ਿਸ਼ ਕਰਦੇ ਹਨ ?
ਜੋ ਆਪਣੇ ਪਿੰਡਾਂ ਆਪਣੇ ਕਬੀਲਿਆਂ ਅਤੇ ਕਸਬਿਆਂ ਨੂੰ
ਇਨਸਾਫ਼ ਨਾਲ ਹੋਰ ਚੰਗਾ ਬਣਾਉਂਦੇ ਹਨ
ਕੀ ਉਹ ਤੇਰੇ ਜਿਹੇ ਬਣ ਸਕਦੇ ਹਨ ?
ਅਤੇ ਕਦੋਂ ਬਣ ਸਕਦੇ ਹਨ ?
ਅਤੇ ਕਿਹੋ ਜਿਹੇ ਕਿਰਦਾਰ ਨਾਲ ਬਣ ਸਕਦੇ ਹਨ ?
ਓ ਅਹੂਰ-ਮਾਜ਼ਦਾ !
ਤੂੰ ਜੋ ਸਾਡਾ ਯੋਗ ਪਥ-ਪ੍ਰਦਰਸ਼ਕ ਹੈ
ਮੈਨੂੰ ਸਹੀ ਸਹੀ ਦਸ
ਤਾਂ ਕਿ ਮੈਂ ਹੋਰ ਭਟਕਿਆ ਨਾ ਰਹਾਂ
(ਅਤੇ ਅਹੁਰ ਮਾਜ਼ਦਾ ਨੇ ਜਵਾਬ ਦਿੱਤਾ)
ਓ ਯੋਗ ਨਿਸ਼ਠਾ ਵਾਲੇ ਮੇਰੇ ਸ਼ਰਧਾਲੂ।
ਸ਼ੈਤਾਨ ਦੇ ਪੈਰੋਕਾਰਾਂ ਦੇ ਪਿਛੇ ਨਾ ਲੱਗ

ਕਿਉਂ ਜੁ ਓਹ ਘਰਾਂ ਨੂੰ ਨਸ਼ਟ ਕਰਨਾ ਲੋਚਦੇ ਹਨ
ਪਿੰਡਾਂ ਨੂੰ ਉਜਾੜਦੇ ਹਨ।

**ਵਿਸਪੀਰਦ (Vispered)**

ਯਾਸਨਾ ਗ੍ਰੰਥ ਦੇ ਕੁਝ ਭਾਗਾਂ ਵਿੱਚ ਵਾਧੇ ਇਸ ਧਰਮ ਗ੍ਰੰਥ ਵਿਸਪੀਰਦ ਵਿੱਚ ਸ਼ਾਮਿਲ ਹਨ। ਇਸ ਦੇ ਤੇਈ ਅਧਿਆਇ ਹਨ ਜਿਹਨਾਂ ਨੂੰ Krits (ਕਰਿਤ) ਕਿਹਾ ਜਾਂਦਾ ਹੈ। ਪੂਜਾ ਸਮੇਂ ਯਾਸਨਾਂ ਦੇ ਅਧਿਆਇ ਵਿੱਚ ਇਸ ਦੇ ਅਧਿਆਇ ਜੋੜੇ ਜਾਂਦੇ ਹਨ ਅਰਥਾਤ ਵਿੱਚ-ਵਿੱਚ ਪੜ੍ਹੇ ਜਾਂਦੇ ਹਨ। ਇਸ ਵਿੱਚ ਸਭੇ ਦੇਵਤਿਆਂ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਸ਼ਰਧਾ ਅਤੇ ਸਨਮਾਨ ਪ੍ਰਗਟਾਇਆ ਜਾਂਦਾ ਹੈ।

**ਵੇਂਦੀਦਾਦ (Vendidad)**

ਗਾਥਾਵਾਂ ਦੇ ਪਿਛੋਂ ਵੇਂਦੀਦਾਦ ਗ੍ਰੰਥ ਨੂੰ ਸਭ ਤੋਂ ਵੱਧ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਇਹ ਜ਼ਰਤੁਸ਼ੀ ਮੱਤ ਦੀ ਇੱਕ ਪ੍ਰਕਾਰ ਦੀ ਨੈਤਿਕ ਜਾਂ ਕਾਨੂੰਨ ਦੀ ਪੁਸਤਕ (Book of Law) ਮੰਨੀ ਜਾਂਦੀ ਹੈ।

ਇਸਦੇ 22 ਅਧਿਆਏ ਹਨ ਜਿਨ੍ਹਾਂ ਵਿਚੋਂ ਬਹੁਤੇ ਬਾਅਦ ਵਿੱਚ ਹੋਂਦ ਵਿਚ ਆਏ ਹਨ। ਇਨ੍ਹਾਂ ਦਾ ਵਿਸ਼ਾ ਵਧੇਰੇ ਕਰਕੇ ਨੈਤਿਕ ਅਤੇ ਰਹਿਤ ਮਰਿਯਾਦਾ ਨਾਲ ਸੰਬੰਧਤ ਹੈ। ਇਹਨਾਂ ਵਿਚੋਂ ''ਨੇਕੀ'' ਦੀ ਥਾਂ ਧਾਰਮਿਕ ਰਸਮਾਂ (Rites) ਤੇ ਜ਼ੋਰ ਦਿੱਤਾ ਗਿਆ ਹੈ। ਇਸ ਵਿੱਚ ਪੂਜਾ ਪਾਠ ਦੇ ਤੌਰ ਤਰੀਕਿਆਂ ਦੀ ਵਿਆਖਿਆ ਵਧੇਰੇ ਤੇ ਨਿਸਬਤ ਕਿ ਨੈਤਿਕ ਮੁੱਲਾਂ ਦੇ। ਇਸਦੇ ਵਿਸ਼ੇ ਨੂੰ ਗੌਰ ਨਾਲ ਪੜ੍ਹਿਆ ਪਤਾ ਲਗਦਾ ਹੈ ਕਿ ਇਸ ਦੇ ਮੂਲ ਰੂਪ ਨੂੰ ਪੁਜਾਰੀ ਵਰਗ ਨੇ ਵਿਗਾੜ ਕੇ ਇਕ ਨੈਤਿਕ-ਮੱਤ ਤੋਂ ਕਰਮ-ਕਾਂਡੀ ਧਰਮ ਬਣਾ ਦਿੱਤਾ। ਇਸ ਪ੍ਰਕਾਰ ਜ਼ਰਤੁਸ਼ਤ ਦੇ ਇਲਹਾਮੀ ਆਦੇਸ਼ਾਂ ਤੋਂ ਆਪਣਾ ਮੂਲ ਰੂਪ ਬਦਲਕੇ ''ਰਸਮਾਂ-ਰੂੜੀਆਂ'' ਦਾ ਰੂਪ ਧਾਰਣ ਕਰ ਲਿਆ।

**ਵੇਂਦੀਦਾਦ ਦੇ ਮੂਲ ਸਿਧਾਂਤ ਦਾ ਸੰਖੇਪ ਰੂਪ**

1. ਪਵਿਤਰਤਾ ਸਭ ਤੋਂ ਉੱਤਮ ਗੁਣ ਹੈ ਜੋ ਕਿ ਜੀਵਨ ਤੋਂ ਵੱਧ ਮਹੱਤਵ ਰਖਦਾ ਹੈ।
2. ਵੇਂਦੀਦਾਦ ਦਾ ਸਿਧਾਂਤ ਨੇਕੀ ਵਿੱਚ ਵਿਸ਼ਵਾਸ਼, ਬਰਾਦਰੀ ਦੀ ਭਾਵਨਾ ਨੂੰ ਮੂਲ ਆਧਾਰ ਮੰਨਦਾ ਹੈ। ਵਿਕਾਸ ਮੁੱਖੀ ਕਾਰਜਾਂ ਨੂੰ ਪ੍ਰਮਾਤਮਾ ਦੀ ਪੂਜਾ ਤੇ ਤੁਲ ਹੀ ਸਮਝਦਾ ਹੈ।
3. ਇਸ ਅਨੁਸਾਰ ਪਹਿਲੇ ਕੀਤੇ ਸਾਰੇ ਪਾਪ ਪਛਤਾਵੇ ਨਾਲ ਧੋਤੇ ਜਾਂਦੇ ਹਨ। ਦੂਜੀ ਵਾਰ ਕੀਤੇ ਪਾਪ ਵੀ ਪਛਤਾਵੇ ਨਾਲ ਇਕ ਤਿਹਾਈ ਮਾਫ ਹੋ ਜਾਂਦੇ ਹਨ।
4. ਕਰਜ਼ਾ ਨਾ ਮੋੜਨਾ, ਚੋਰੀ ਦਾ ਮਾਲ ਘਰ ਵਿੱਚ ਰੱਖਣਾ ਆਦਿ ਨੂੰ ਬੁਰਾ ਮੰਨਿਆ ਜਾਂਦਾ ਹੈ।
5. ਕੁਆਰੇ ਨਾਲੋਂ ਵਿਆਹਿਆ ਚੰਗਾ ਮੰਨਿਆ ਜਾਂਦਾ ਹੈ ਇਸ ਪ੍ਰਕਾਰ ''ਔਤ'' ਨੂੰ ਸੰਤਾਨ ਵਾਲੇ ਵਿਅਕਤੀ ਤੋਂ ਮਾੜਾ ਮੰਨਿਆ ਜਾਂਦਾ ਹੈ। ਇਸਦੇ ਫਲਸਰੂਪ ਗ੍ਰਹਿਸਤੀ ਦਾ ਜੀਵਨ ਚੰਗਾ ਮੰਨਿਆ ਗਿਆ ਹੈ।
6. ਇਨ੍ਹਾਂ ਨਿਯਮਾਂ ਵਿੱਚ ਪੰਜ ਪ੍ਰਕਾਰ ਦੇ ਪਾਪ ਦੱਸੇ ਗਏ ਹਨ।
   (i) ਕਿਸੇ ਵਿਅਕਤੀ ਦਾ ਧਰਮ ਭ੍ਰਿਸ਼ਟ ਕਰਨਾ,
   (ii) ਕੁੱਤੇ ਨੂੰ ਗਰਮ ਜਾਂ ਨੁਕਸਾਨ ਦੇਹ ਭੋਜਨ ਪਾਉਣਾ,
   (iii) ਜਾਨਵਰਾਂ ਨੂੰ ਸਤਾਉਣਾ,
   (iv) ਮਹਾਵਾਰੀ ਦੌਰਾਨ ਇਸਤਰੀ ਨਾਲ ਸੰਭੋਗ ਕਰਨਾ,
   (v) ਗਰਭਵਤੀ ਇਸਤਰੀ ਜਾਂ ਦੁੱਧ ਚੁੰਘਦੇ ਬੱਚੇ ਦੀ ਮਾਂ ਨਾਲ ਸੰਭੋਗ ਕਰਨਾ ਆਦਿ।

ਇਸੇ ਨਿਯਮ ਅਧੀਨ ਨਜਾਇਜ਼ ਬੱਚੇ, ਗਰਭਪਾਤ ਜਾਂ ਕੁਆਰੀ ਅਵਸਥਾ ਵਿੱਚ ਉਤਪਨ ਸੰਤਾਨ ਅਤੇ ਉਸਦੇ ਪਾਲਣ-ਪੋਸ਼ਣ ਸੰਬੰਧੀ ਨਿਯਮ ਦਿੱਤੇ ਗਏ ਹਨ। ਇਨ੍ਹਾਂ ਸਾਰੇ ਨਿਯਮਾਂ-ਕਾਨੂੰਨਾਂ ਨੂੰ ਅਹੁਰਮਜ਼ਦ ਦੇ ਆਦੇਸ਼ ਮੰਨਕੇ ਪਾਲਣਾ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੇ ਆਧਾਰ ਤੇ ਹੀ ਸਮਾਜਿਕ ਕਾਨੂੰਨ, (ਜੋ ਕਿ ਪੰਚਾਇਤ ਵਰਗਾ ਹੀ ਇਕ ਪ੍ਰਬੰਧ ਮੰਨਿਆ ਜਾਂਦਾ ਹੈ) ਲਾਗੂ ਕੀਤੇ ਜਾਂਦੇ ਹਨ ਅਤੇ ਦੋਸ਼ੀ ਨੂੰ ਪਾਪ ਦਾ ਭਾਗੀ ਕਰਾਰ ਦਿੱਤਾ ਜਾਂਦਾ ਹੈ।

**ਵੇਂਦੀਦਾਦ ਵਿਚੋਂ ਕੁਝ ਨਮੂਨੇ** 1.

ਇਨ੍ਹਾਂ ਸ਼ਬਦਾਂ ਨਾਲ ਪਵਿਤਰ ਅਹੁਰਮਜ਼ਦ ਨੇ ਪਵਿਤਰ ਜ਼ਰਤੁਸ਼ਤ ਨੂੰ ਪ੍ਰਸੰਨ ਕੀਤਾ ਅਰਥਾਤ ਕਿਹਾ, ''ਪਵਿਤਰਤਾ ਆਦਮੀ ਲਈ ਸਭ ਤੋਂ ਵੱਡੀ ਚੰਗਿਆਈ ਹੈ। ਹੇ ਜ਼ਰਤੁਸਤ ਇਹ ਪਵਿਤਰਤਾ ਉਸ ਪ੍ਰਾਣੀ ਲਈ ਮਾਜ਼ਦਾ ਦਾ ਧਰਮ

ਹੈ ਜੋ ਆਪਣੇ ਨੇਕ ਵਿਚਾਰਾਂ, ਬਚਨਾਂ, ਅਤੇ ਕਰਮਾਂ ਨਾਲ ਆਪਣੀ ਆਤਮਾ ਨੂੰ ਸਾਫ ਕਰਦਾ ਹੈ।''

''ਓ ਪਵਿਤਰ ਪੁਰਖਾ ! ਤੇਰੀ ਬਾਣੀ ਹੋਰ ਬਾਣੀਆਂ ਨਾਲੋਂ ਕਿਵੇਂ ਚੰਗੀ ਤੇ ਉੱਤਮ ਹੈ ?

ਅਹੁਰਮਜ਼ਦ ਨੇ ਜਵਾਬ ਦਿਤਾ, ''ਜਿਵੇਂ ਵੋਰੂ ਕਾਸ਼ਾ (Vouru Kasha) ਸਮੁੰਦਰ ਹੋਰ ਸਭ ਪ੍ਰਕਾਰ ਦੇ ਹੜ੍ਹਾਂ ਨਾਲੋਂ ਵੱਡਾ ਹੈ ਉਸੇ ਪ੍ਰਕਾਰ ਨੇਕੀ, ਇਨਸਾਫ ਅਤੇ ਮਹਾਨਤਾ ਵਿੱਚ ਜ਼ਰਤੁਸਤ ਦਾ ਇਹ ਵਿਕਾਰ-ਦੂਰ ਕਰਨ ਵਾਲਾ ਨਿਯਮ ਬਾਕੀ ਸਭ ਤੋਂ ਵੱਡਾ ਹੈ।''

''ਜਿਸ ਪ੍ਰਕਾਰ ਪਹਾੜੀ ਢਲਾਨ ਤੇ ਇਕ ਨਦੀ ਦੀ ਰੋਅ ਤੇਜ਼ ਹੋ ਜਾਂਦੀ ਹੈ ਉਸੇ ਪ੍ਰਕਾਰ ਇਹ ਬਾਣੀ ਹੋਰ ਬਾਣੀਆਂ ਨਾਲੋਂ ਮਹਾਨਤਾ, ਅਛਾਈ ਅਤੇ ਇਨਸਾਫ ਵਿੱਚ ਵੱਡੀ ਹੈ।''

ਜਿਸ ਪ੍ਰਕਾਰ ਇਕੋ ਵੱਡਾ ਰੁੱਖ ਛੋਟੇ ਪੌਦਿਆਂ ਵਿੱਚ ਖੜ੍ਹਾ ਇਨ੍ਹਾਂ ਨੂੰ ਆਪਣੀ ਛਾਂ ਵਿੱਚ ਰੱਖਦਾ ਹੈ ਉਸੇ ਪ੍ਰਕਾਰ ਜ਼ਰਤੁਸਤ ਦਾ ਇਹ ਨਿਯਮ ਮਹਾਨਤਾ, ਅਛਾਈ ਅਤੇ ਇਨਸਾਫ ਵਿੱਚ ਬਾਕੀ ਸਭ ਬਾਣੀਆਂ ਵਿਚੋਂ ਸਰਵੋਤਮ ਹੈ।''

ਰਾਤੂ (Ratu) ਨੂੰ ਇਹ ਅਧਿਕਾਰ ਹੈ ਕਿ ਉਹ ਇਕ ਤਿਹਾਈ ਸਜ਼ਾ ਮੁਆਫ ਕਰ ਦੇਵੇ। ਜੇਕਰ ਕਿਸੇ ਵਿਅਕਤੀ ਨੇ ਕੋਈ ਪਾਪ ਕਰਮ ਕੀਤਾ ਹੈ ਤਾਂ ਇਹ ਵੀ ਉਸਦੇ ਪਛਤਾਵੇ ਦੁਆਰਾ ਮੁਆਫ ਹੋ ਜਾਂਦਾ ਹੈ। ਜੇਕਰ ਉਸਨੇ ਕੋਈ ਹੋਰ ਪਾਪ ਕਰਮ ਨਾ ਕੀਤਾ ਹੋਵੇ ਤਾਂ ਇਸ ਪਛਤਾਵੇ ਦੁਆਰਾ ਓਹ ਹਮੇਸ਼ਾ ਲਈ ਪਾਪ ਤੋਂ ਮੁਕਤ ਹੋ ਜਾਂਦਾ ਹੈ।

2.

''ਉਹ ਜੋ ਦੂਸਰੇ ਆਦਮੀ ਤੋਂ ਲਿਆ ਕਰਜ਼ਾ ਨਹੀਂ ਮੋੜਦਾ ਅਤੇ ਕਿਸੇ ਦੀ ਕੋਈ ਚੀਜ਼ ਚੁਰਾਉਂਦਾ ਹੈ ਜਾਂ ਕਿਸੇ ਵਿਅਕਤੀ ਨੂੰ ਲੁਟਦਾ ਹੈ ਇਹ ਚੋਰੀ ਉਹ ਹਰ ਦਿਨ, ਹਰ ਰਾਤ ਕਰਦਾ ਹੈ ਜਦੋਂ ਤੱਕ ਇਹ ਚੁਰਾਇਆ ਮਾਲ ਆਪਣਾ ਮੰਨ ਕੇ ਆਪਣੇ ਘਰ ਰੱਖੀ ਰੱਖਦਾ ਹੈ।

''ਮੈਂ ਤੈਨੂੰ ਇਹ ਯਕੀਨਨ ਤੌਰ ਤੇ ਆਖਦਾ ਹਾਂ ਓ ਸਪੀਤਮ ਜ਼ਰਤੂਸ਼ਤਰਾ ਕਿ ਵਿਆਹਿਆ ਆਦਮੀ ਬ੍ਰਹਮਚਾਰੀ ਆਦਮੀ ਤੋਂ ਕਿਤੇ ਵੱਧ ਚੰਗਾ ਹੈ ਅਤੇ ਉਹ ਆਦਮੀ ਜਿਸ ਦਾ ਆਪਣਾ ਘਰ ਹੈ ਬੇਘਰੇ ਆਦਮੀ ਤੋਂ ਬਹੁਤ ਉੱਤਮ ਹੈ। ਇਸੇ ਪ੍ਰਕਾਰ ਇਕ ਸੰਤਾਨ ਵਾਲਾ ਆਦਮੀ ਔਸਤ ਨਾਲੋਂ ਕਿਤੇ ਚੰਗਾ ਹੈ ਅਤੇ ਧਨੀ ਆਦਮੀ ਨਿਰਧਨ ਨਾਲੋਂ ਕਿਤੇ ਉੱਤਮ ਹੈ।''

ਦੋ ਆਦਮੀਆਂ ਵਿਚਂ, ਜਿਹੜਾ ਆਦਮੀ ਮਾਸ ਨਾਲ ਪੇਟ-ਪੂਜਾ ਕਰਦਾ ਹੈ ਅਤੇ ਚੰਗੇ ਵਿਚਾਰ ਰੱਖਦਾ ਹੈ ਦੂਜੇ ਨਾਲੋਂ ਚੰਗਾ ਜਿਹੜਾ ਅਜਿਹਾ ਕੁਝ ਵੀ ਨਹੀਂ ਕਰਦਾ। ਪਹਿਲਾ ਆਦਮੀ ਇਨਸਾਨੀਅਤ ਪੱਖੋਂ ਆਦਮੀ ਨਾਲੋਂ ਉਤਮ ਹੈ। ਇਹ ਆਦਮੀ ਮੌਤ ਦੀ ਸਥਾਪਤੀ ਦੇ ਵਿਰੁੱਧ ਸੰਘਰਸ਼ ਕਰ ਸਕਦਾ ਹੈ। ਇਹੋ ਜਿਹਾ ਆਦਮੀ ਨੋਕੀਲੇ ਤੀਰ ਦੇ ਵਿਰੁੱਧ ਜਦੋ-ਜਹਿਦ ਕਰ ਸਕਦਾ ਹੈ। ਅਜਿਹਾ ਆਦਮੀ ਪਤਲੇ ਕਪੜਿਆਂ ਨਾਲ ਠੰਢ ਕੱਟ ਸਕਦਾ ਹੈ ਅਤੇ 'ਦੁਸ਼ਤ' ਦੁਸ਼ਮਨ ਨਾਲ ਲੜ ਸਕਦਾ ਹੈ ਅਤੇ ਉਸਦਾ ਸਿਰ ਵੱਢ ਸਕਦਾ ਹੈ।

**ਖੋਰਦ ਅਵੇਸਤਾ (Khorda Avesta)**

ਖੋਰਦ-ਅਵੇਸਤਾ ਅਵੇਸਤਾ ਦਾ ਇਕ ਅੰਗ ਹੈ ਜਿਸ ਦਾ ਭਾਵ ਉਸਤੁਤੀ ਦੁਆਰਾ ਪੂਜਾ ਹੈ। ਇਸ ਵਿੱਚ ਦਿੱਤੀਆਂ ਗਈਆਂ ਅਰਦਾਸਾਂ ਪੁਜਾਰੀਆਂ ਦੁਆਰਾ ਤਾਂ ਵਰਤੀਆਂ ਜਾਂਦੀਆਂ ਹੀ ਹਨ ਇਹਨਾਂ ਨੂੰ ਸਾਧਾਰਣ ਪਾਰਸੀ ਵੀ ਆਪਣੇ ਨਿਤ-ਨੇਮ ਵਿੱਚ ਪੜ੍ਹਦੇ ਹਨ। ਇਸ ਪੁਸਤਕ ਵਿੱਚ ਅਰਦਾਸਾਂ ਤੇ ਉਸਤੁਤੀਆਂ ਮਿਲੀਆਂ ਜੁਲੀਆਂ ਕੁਝ ਨਵੀਆਂ ਹਨ ਅਤੇ ਕੁਝ ਪੁਰਾਤਨ ਹਨ। ਇਸ ਵਿੱਚ ਪ੍ਰਮੁੱਖ ਦੇਵਤੇ ਜਲ ਦੇਵਤਾ ਅਰਦਵੀ-ਸੂਰਾ (Ardvi Sura), ਤਿਸਤਰਿਆ ਤਾਰਾ, ਅਜਤਾ ਮਿਥਰਾ, ਵਿਛੜੀਆਂ ਰੂਹਾਂ ਦੇ ਦੇਵਤੇ ਅਤੇ ਸ਼ਾਹੀ ਦੇਵਤਿਆਂ ਦੀ ਉਸਤਤੀ ਕੀਤੀ ਗਈ ਹੈ।

ਬਾਕੀ ਦੇ ਲਘੂ-ਗ੍ਰੰਥ ਗਾਥਾਵਾਂ, ਸ਼ਿਰੋਕ, ਅਫਰੀਨਿਯਾਨ ਆਦਿ ਵਿਸ਼ੇਸ਼ ਸਮਿਆਂ ਤੇ ਪ੍ਰਯੋਗ ਕੀਤੀਆਂ ਪ੍ਰਾਰਥਨਾਵਾਂ ਅਤੇ ਅਰਦਾਸਾਂ ਦੇ ਸੰਗ੍ਰਹਿ ਹਨ ਜਿਨ੍ਹਾਂ ਨੂੰ ਵਿਸ਼ੇਸ਼ ਦੇਵਤਿਆਂ ਨੂੰ ਪਦਾਰਥ ਅਰਪਣ ਕਰਨ ਸਮੇਂ ਜਾਂ ਵਿਸ਼ੇਸ਼ ਤੱਤਾਂ ਦੇ ਦੇਵਤਿਆਂ ਤੋਂ ਉਨ੍ਹਾਂ ਤੱਤਾਂ ਦੇ ਵਿਕਾਸ ਖੁਸ਼ਹਾਲੀ ਆਦਿ ਲਈ ਪ੍ਰਾਰਥਨਾ ਸਮੇਂ ਪੜ੍ਹੇ ਜਾਂਦੇ ਹਨ।

ਅੰਤ ਵਿਚ ਕਿਹਾ ਜਾ ਸਕਦਾ ਹੈ ਇਹਨਾਂ ਧਰਮ-ਗ੍ਰੰਥਾਂ ਵਿਚ ਦਿੱਤੇ ਸਿਧਾਂਤਾਂ ਅਤੇ ਵਰਨਣ ਕੀਤੀਆਂ ਗਈਆਂ ਗਾਥਾਵਾਂ, ਮਿਥਿਹਾਸਕ ਤੱਥਾਂ ਦੇ ਆਧਾਰ ਤੇ ਜ਼ਰਤੁਸ਼ੀ ਧਰਮ ਪੁਰਾਤਨ ਹੋਣ ਦੇ ਬਾਵਜੂਦ ਸੰਸਾਰ ਦਾ ਇੱਕ ਬਹੁਤ ਮਹੱਤਵਪੂਰਣ ਧਰਮ ਹੈ।

ਪਾਠ ਨੰਬਰ : 2.6

## ਪਾਰਸੀ ਧਰਮ ਦੇ ਧਾਰਮਿਕ ਵਿਸ਼ਵਾਸ ਅਤੇ ਸਿਧਾਂਤ

ਪਾਰਸੀਆਂ ਦੇ ਧਾਰਮਿਕ ਵਿਸ਼ਵਾਸ ਅਤੇ ਸਿਧਾਂਤ ਹਨ- ਰੱਬ ਦੀ ਹੋਂਦ, ਆਤਮਾ ਦੀ ਸਦੀਵਤਾ, ਅਗਲੇ ਜੀਵਨ ਦੀ ਹੋਂਦ, ਅਹੁਰਮਜ਼ਦ ਦੀ ਬੁਰਾਈ ਉਤੇ ਅਖੀਰ ਵਿਚ ਜਿੱਤ ਅਤੇ ਸਾਰੇ ਬ੍ਰਹਮੰਡ ਦੀ ਰਹਾਨੀ ਸ਼ੁੱਧਤਾ ਵਿਚ ਵਿਸ਼ਵਾਸ। ਪਾਰਸੀਆਂ ਦੇ ਇਹ ਵਿਸ਼ਵਾਸ ਅਤੇ ਸਿਧਾਂਤ ਈਰਾਨੀ ਪਾਰਸੀਆਂ (Zoroastrians) ਨਾਲ ਸਾਂਝੇ ਹਨ।

ਇਥੇ ਇਹ ਗੱਲ ਦੱਸਣੀ ਉਚਿਤ ਹੈ ਕਿ ਪਾਰਸੀ ਆਪਣੇ ਆਪ ਨੂੰ ਅੱਗ-ਪੂਜਕ ਅਖਵਾਉਣ ਦੇ ਵਿਰੁੱਧ ਹਨ। ਉਨ੍ਹਾਂ ਦਾ ਨਿਸ਼ਚਾ ਹੈ ਕਿ ਉਹ ਕੇਵਲ ਪਰਮਾਤਮਾ (ਅਹੁਰਮਜ਼ਦ) ਦੀ ਪੂਜਾ ਕਰਦੇ ਹਨ। ਅੱਗ ਨੂੰ ਤਾਂ ਕੇਵਲ ਉਹ ਪੁਰਾਤਨ ਈਰਾਨੀਆਂ ਵਾਂਗ ਸਤਿਕਾਰ ਦੀ ਭਾਵਨਾ ਨਾਲ ਵੇਖਦੇ ਹਨ, ਸਗੋਂ ਇਹ ਉਨ੍ਹਾਂ ਦੀਆਂ ਰਸਮਾਂ ਦਾ ਇਕ ਭਾਗ ਹੈ।

### ਦਾਰਿ-ਮਿਹਰ (ਮੰਦਰ)

ਪਾਰਸੀ ਮੰਦਰਾਂ ਨੂੰ ਦਾਰਿ-ਮਿਹਰ ਕਿਹਾ ਜਾਂਦਾ ਹੈ ਜਿਸਦਾ ਭਾਵ ਹੈ ਮਿਹਰ ਦਾ ਦਰਵਾਜ਼ਾ (ਦਰ)। ਭਾਰਤ ਵਿਚ ਇਨ੍ਹਾਂ ਨੂੰ 'ਅੱਗਿਆਰੀ' (Agiaris) ਕਿਹਾ ਜਾਂਦਾ ਹੈ ਜਿਸ ਦਾ ਮੂਲ ਅੱਗਨੀ (ਅੱਗ) ਹੈ। ਗ਼ੈਰ ਪਾਰਸੀਆਂ ਨੂੰ ਮੰਦਰਾਂ ਵਿਚ ਜਾਣ ਦੀ ਮਨਾਹੀ ਹੈ। ਮੰਦਰ ਵਿਚ ਬੁੱਤ ਜਾਂ ਮੂਰਤੀਆਂ ਬਿਲਕੁਲ ਨਹੀਂ ਰੱਖੀਆਂ ਜਾਂਦੀਆਂ। ਇਹ ਮੰਦਰ ਤਿੰਨ ਪ੍ਰਕਾਰ ਦੇ ਹਨ ਜੋ ਉਨ੍ਹਾਂ ਵਿਚ ਬਲਦੀ ਅੱਗ ਦੀ ਸ਼ੁੱਧਤਾ ਤੇ ਆਧਾਰਿਤ ਹਨ। ਇਨ੍ਹਾਂ ਨੂੰ 'ਆਤਸ਼ ਦੇਦਗਾਹ', 'ਆਤਸ਼ਦਾਦਰਾਂ' ਅਤੇ 'ਆਤਸ਼-ਬਹਰਾਮ' ਕਿਹਾ ਜਾਂਦਾ ਹੈ।

ਆਤਸ਼-ਦੇਦਗਾਹ (Atash dedgah) ਵਿਚ ਸਾਧਾਰਨ ਕਿਸਮ ਦੀ ਅੱਗ ਹੁੰਦੀ ਹੈ। ਇਸ ਅੱਗ ਨੂੰ ਆਮ ਆਦਮੀ ਅਤੇ ਪੁਜਾਰੀ ਦੋਵੇਂ ਛੂਹ ਸਕਦੇ ਹਨ। ਇਹ ਕਿੱਸੇ ਪਾਰਸੀ ਦੇ ਘਰ ਵੀ ਰੱਖੀ ਜਾ ਸਕਦੀ ਹੈ। ਆਤਸ਼-ਦਾਦਰਾਂ (Atash Dadaran) ਵਿਚ ਅੱਗ ਨੂੰ ਇਕ ਲੰਮੀ ਰਸਮ ਮਗਰੋਂ ਪਵਿੱਤਰ ਕੀਤਾ ਜਾਂਦਾ ਹੈ। ਇਸ ਨੂੰ ਲਗਾਤਾਰ ਬਲਦੀ ਰੱਖਣ ਵੱਲ ਬਹੁਤ ਧਿਆਨ ਦਿੱਤਾ ਜਾਂਦਾ ਹੈ। ਇਸਨੂੰ ਕੇਵਲ ਪੁਜਾਰੀ ਹੀ ਛੂਹ ਸਕਦਾ ਹੈ। ਆਤਸ਼-ਬਹਰਾਮ (Atash Bahram) ਦਾ ਸਥਾਨ ਸਭ ਤੋਂ ਉੱਤਮ ਹੈ। ਇਸ ਅੱਗ ਨੂੰ ਪਵਿੱਤਰ ਕਰਨ ਵਿਚ ਬਹੁਤ ਸਮਾਂ ਅਤੇ ਰੁਪਇਆ ਖਰਚ ਹੁੰਦਾ ਹੈ ਕਿਉਂਕਿ ਰਸਮਾਂ ਲਗਭਗ ਇਕ ਸਾਲ ਤਕ ਜਾਰੀ ਰਹਿੰਦੀਆਂ ਹਨ। ਅੱਗ ਵੱਲ ਬਹੁਤ ਹੀ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ ਕਿਉਂਕਿ ਆਤਸ਼-ਬਹਰਾਮ ਵਿਚ ਅੱਗ ਦਾ ਬੁਝ ਜਾਣਾ ਇਕ ਬਦ-ਸ਼ਗਨੀ ਅਤੇ ਮੁਸੀਬਤ ਲਿਆਉਣ ਵਾਲੀ ਗੱਲ ਸਮਝੀ ਜਾਂਦੀ ਹੈ। ਅੱਗ ਵੱਲ ਲਗਾਤਾਰ ਧਿਆਨ ਰੱਖਣ ਵਾਲੇ ਪੁਜਾਰੀ ਅਜਿਹੇ ਵਿਅਕਤੀ ਹੁੰਦੇ ਹਨ ਜਿਹੜੇ ਬਹੁਤ ਸ਼ੁੱਧ ਹੋ ਚੁੱਕੇ ਹੁੰਦੇ ਹਨ।

ਮੰਦਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਇਕ ਭਾਗ ਅੱਗ ਰੱਖਣ ਲਈ ਵਰਤਿਆ ਜਾਂਦਾ ਹੈ ਅਤੇ ਦੂਜਾ ਰਸਮਾਂ ਲਈ। ਅੱਗ ਦਾ ਕਮਰਾ ਗੁੰਬਦ ਦੀ ਬਣਤਰ ਵਾਲਾ ਹੁੰਦਾ ਹੈ ਜਿਸ ਵਿਚ ਚਾਂਦੀ ਜਾਂ ਕਾਂਸ਼ੀ ਦੀ ਅੱਗ ਵਾਲੀ ਸੁਰਾਹੀ ਰੱਖੀ ਹੁੰਦੀ ਹੈ ਜਿਸ ਨੂੰ ਇਕ ਫੌਲਾਦੀ ਗੋਲੇ ਉਤੇ ਰੱਖਿਆ ਹੁੰਦਾ ਹੈ। ਇਕ ਪ੍ਰਕਾਰ ਦਾ ਤਾਜ ਗੁਬੰਦ ਵਿਚ ਲਟਕਦਾ ਦਿਖਾਈ ਦਿੰਦਾ ਹੈ। ਕਮਰੇ ਨੂੰ ਸਾਫ ਕੀਤਾ ਜਾਂਦਾ ਹੈ ਅਤੇ ਫੋਲਾਦੀ ਗੋਲੇ ਨੂੰ ਦਿਨ ਵਿਚ ਪੰਜ ਵਾਰੀ ਪੁਜਾਰੀ ਇਸ਼ਨਾਨ ਕਰਵਾਉਂਦਾ ਹੈ। ਉਹ ਇਸ ਉਤੇ ਸੁਗੰਧੀਆਂ ਵੀ ਸੁਟਦਾ ਰਹਿੰਦਾ ਹੈ। ਉਹ ਆਪਣੇ ਮੂੰਹ ਦੇ ਹੇਠਲੇ ਸਿਰੇ ਨੂੰ ਢੱਕ ਕੇ ਰੱਖਦਾ ਹੈ ਤਾਂ ਜੋ ਸਾਹ ਨਾਲ ਅੱਗ ਅਪਵਿੱਤਰ ਨਾ ਹੋ ਜਾਵੇ। ਇਸ ਸਮੇਂ ਦੇ ਦੌਰਾਨ ਉਹ ''ਦੁਸ਼ਮਤ'', ''ਦੁਸ਼ਵਸਤ'' ਸ਼ਬਦ ਤਿੰਨ ਵਾਰੀ ਦੁਹਰਾਂਦਾ ਹੈ। ਇਹ ਬੁਰੇ ਵਿਚਾਰਾਂ, ਬੁਰੇ ਸ਼ਬਦਾਂ ਅਤੇ ਬੁਰੇ ਕੰਮਾਂ ਤੋਂ ਬਚਣ ਲਈ ਅੱਗ ਦਾ ਆਸ਼ੀਰਵਾਦ ਪ੍ਰਾਪਤ ਕਰਨ ਵਾਸਤੇ ਉਚਾਰੇ ਜਾਂਦੇ ਹਨ।

### ਪਾਰਸੀ ਧਰਮ ਵਿਚ ਆਧੁਨਿਕਤਾ

ਭਾਰਤ ਵਿਚਲੇ ਪਾਰਸੀਆਂ ਨੇ ਪੰਦਰਵੀਂ ਸਦੀ ਦੇ ਕਰੀਬ ਆਪਣੇ ਈਰਾਨੀ ਭਰਾਵਾਂ ਨਾਲ ਸੰਬੰਧ ਕਾਇਮ ਕੀਤੇ। ਉਸ ਸਮੇਂ ਤੋਂ ਪਹਿਲਵੀ ਭਾਸ਼ਾ ਵਿਚ ਲਿਖੇ ਗਏ ਪਵਿੱਤਰ ਗ੍ਰੰਥ ਅਤੇ ਉਨ੍ਹਾਂ ਦੇ ਟੀਕੇ ਗੁਜਰਾਤ ਵਿਚ ਰਹਿਣ ਵਾਲੇ ਪਾਰਸੀਆਂ ਨੂੰ ਪ੍ਰਾਪਤ ਹੋਣ ਲਗੇ। ਫਾਰਸੀ ਅਤੇ ਗੁਜਰਾਤੀ ਵਿਚ ਪਾਰਸੀ ਧਰਮ ਗ੍ਰੰਥਾਂ ਦੇ ਅਨੁਵਾਦ ਬਹੁਤ ਗਿਣਤੀ ਵਿਚ ਮਿਲਦੇ

ਹਨ। ਇਸ ਨਾਲ ਈਰਾਨੀ ਅਤੇ ਭਾਰਤੀ ਪਾਰਸੀਆਂ ਵਿਚਕਾਰ ਮੇਲ ਮਿਲਾਪ ਵਧਿਆ ਹੈ ਅਤੇ ਉਹ ਇਕ ਦੂਜੇ ਦੇ ਵਧੇਰੇ ਨੇੜੇ ਹੋਏ ਹਨ। ਅਣਗਿਣਤ ਧਾਰਮਿਕ ਮਸਲਿਆਂ ਉਤੇ ਵਿਚਾਰ ਵਟਾਂਦਰਾ ਪੁਜਾਰੀ ਸ਼੍ਰੇਣੀ ਅਤੇ ਸਮਾਜ ਦੇ ਕੇਂਦਰ ਪੁਰਸ਼ਾਂ ਦੇ ਯਤਨਾਂ ਸਦਕਾ ਹੋਇਆ ਹੈ। ਅਨੁਸ਼ਾਸਨ ਅਤੇ ਰੀਤਾਂ-ਰਸਮਾਂ ਸੰਬੰਧੀ ਪ੍ਰਸ਼ਨ ਉੱਤਰ ਰੂਪ ਵਿਚ ਗ੍ਰੰਥਾਂ ਦਾ ਸੰਕਲਪ ਹੋਇਆ ਹੈ। ਆਧੁਨਿਕ ਪਾਰਸੀ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਧਰਮ 'ਗਾਥਾ' ਉਤੇ ਆਧਾਰਿਤ ਹੈ।

## ਗਾਬਾਰ (The Gabars)

ਪਾਰਸੀਆਂ ਦੇ ਜ਼ੋਰਾਸਟ੍ਰੀਅਨਾਂ (ਪਾਰਸੀਆਂ) ਨੂੰ ਗਾਬਰ ਕਿਹਾ ਗਿਆ ਹੈ। ਅਸਲ ਵਿਚ ਇਹ ਸ਼ਬਦ ਕਾਫਰ ਤੋਂ ਬਣਿਆ ਹੈ ਜਿਸ ਦਾ ਭਾਵ ਨਾਸਤਕ ਹੈ ਜੋ ਉਨ੍ਹਾਂ ਲਈ ਮੁਸਲਮਾਨਾਂ ਨੇ ਵਰਤਿਆ। ਬਹੁਤ ਸਮਾਂ ਮੁਸਲਮਾਨਾਂ ਦੇ ਅਧੀਨ ਰਹਿਣ ਕਰਕੇ ਪਰਸ਼ੀਆ ਦੇ ਜ਼ੋਰਾਸਟ੍ਰੀਅਨਾਂ ਨੇ ਖੁਦ ਇਹ ਸ਼ਬਦ ਹੁਣ ਆਪਣੇ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਐਪਰ ਪਹਿਲਾਂ ਪਹਿਲ ਪਰਸ਼ੀਆ ਦੇ ਜ਼ੋਰਾਸਟ੍ਰੀਅਨ ਆਪਣੇ ਆਪ ਨੂੰ 'ਜ਼ਰਦੁਸਤ੍ਰੀਅਨ' ਜਾਂ 'ਬਾਹ ਦੀਨਨ' ਕਹਿੰਦੇ ਸਨ ਜਿਸ ਦਾ ਭਾਵ ਹੈ, ਚੰਗੇ ਵਿਸ਼ਵਾਸ ਦੇ ਮਾਲਕ। ਉਹ ਆਪਣੇ ਧਰਮ ਵਿਚ ਬਹੁਤ ਦ੍ਰਿੜ ਹਨ ਭਾਵੇਂ ਉਹ ਇਕ ਲੰਮੇ ਸਮੇਂ ਤੋਂ ਗੁਲਾਮਾਂ ਵਰਗਾ ਜੀਵਨ ਬਸਰ ਕਰ ਰਹੇ ਹਨ। ਇਸ ਦੇ ਸਿੱਟੇ ਵਜੋਂ ਉਹ ਸਾਦਾ ਪੁਸ਼ਾਕ ਪਹਿਨਦੇ ਹਨ ਅਤੇ ਉਨ੍ਹਾਂ ਦੇ ਅੱਗ ਮੰਦਰ ਵੀ ਵੇਖਣ ਵਿਚ ਬਹੁਤ ਸਾਧਾਰਣ ਹਨ। ਉਨ੍ਹਾਂ ਦੀ ਧਰਮ ਵਿਚ ਦ੍ਰਿੜ੍ਹਤਾ ਉਨ੍ਹਾਂ ਦੀਆਂ ਰਸਮਾਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿਚ ਵੇਖਣ ਆਉਂਦੀ ਹੈ। ਭਾਵੇਂ ਉਹ ਆਮ ਵਿਅਕਤੀ ਹਨ ਜਾਂ ਸ਼੍ਰੇਣੀ ਜਨਮ, ਵਿਆਹ ਅਤੇ ਦਾਹ ਸੰਸਕਾਰ ਦੀਆਂ ਰਸਮਾਂ ਪੂਰੀਆਂ ਕਰਨ ਵਿਚ ਬਹੁਤ ਕੱਟੜ ਹਨ। ਉਹ ਸ਼ੁੱਧਤਾ ਲਈ ਧਰਮ ਗ੍ਰੰਥਾਂ ਵਿਚ ਦਸੇ ਗਏ ਪੁਰਾਤਨ ਨਿਯਮਾਂ ਦੇ ਪਾਲਣ ਵਿਚ ਵੀ ਬਹੁਤ ਕੱਟੜ ਹਨ। ਧਾਰਮਿਕ ਘੱਟ ਗਿਣਤੀ ਵਜੋਂ ਉਨ੍ਹਾਂ ਤੇ ਪਹਿਲਾਂ ਕਈ ਪ੍ਰਕਾਰ ਦੇ ਜ਼ੁਲਮ ਵੀ ਹੁੰਦੇ ਸਨ ਅਤੇ ਉਨ੍ਹਾਂ ਨੂੰ ਲੁਕ-ਛਿਪ ਕੇ ਵੀ ਜੀਵਨ ਬਸਰ ਕਰਨਾ ਪੈਂਦਾ ਰਿਹਾ ਹੈ। ਪਰ ਈਰਾਨ ਦੇ ਉਦਾਰਚਿਤ ਹਾਕਮਾਂ ਨੇ ਉਨ੍ਹਾਂ ਉਤੋਂ ਸਭ ਸਖਤੀਆਂ ਖਤਮ ਕਰ ਦਿੱਤੀਆਂ ਸਨ ਅਤੇ ਇਸ ਵੇਲੇ ਉਨ੍ਹਾਂ ਦੀ ਸਮਾਜਿਕ ਸਥਿਤੀ ਵਿਚ ਕਾਫੀ ਸੁਧਾਰ ਹੋ ਰਿਹਾ ਹੈ।

## ਧਰਮ ਗ੍ਰੰਥ

ਪਾਰਸੀਆਂ ਦਾ ਧਰਮ ਗ੍ਰੰਥ ਕਈ ਰਚਨਾਵਾਂ ਦਾ ਸੰਗ੍ਰਹਿ ਹੈ। ਇਸਨੂੰ 'ਅਵੇਸਤਾ' ਜਾਂ 'ਜੰਦ-ਅਵੇਸਤਾ' ਕਿਹਾ ਜਾਂਦਾ ਹੈ। ਧਰਮ ਗ੍ਰੰਥ ਦੇ ਨਾਂ ਵਿਚ ਇਹ ਫਰਕ 'ਜੰਦ' ਸ਼ਬਦ ਦੇ ਵੱਖ-ਵੱਖ ਅਰਥਾਂ ਕਾਰਨ ਹੈ। ਇਕ ਵਿਚਾਰ ਅਨੁਸਾਰ ਇਸ ਸ਼ਬਦ ਦਾ ਭਾਵ ਹੈ 'ਭਾਸ਼ਾ'। ਇਸ ਤਰ੍ਹਾਂ 'ਜੈਦ' ਪਵਿੱਤਰ 'ਅਵੇਸਤਾ' ਦੀ ਭਾਸ਼ਾ ਹੈ। ਪਰ ਕਈਆਂ ਦਾ ਵਿਚਾਰ ਹੈ ਕਿ 'ਜੇਂਦ' ਪਹਲਵੀ ਭਾਸ਼ਾ ਵਿਚ ਅਵੇਸਤਾ ਦੇ ਆਧੁਨਿਕ ਅਨੁਵਾਦ ਅਤੇ ਟੀਕੇ ਦਾ ਨਾ ਹੈ। ਪਰ 'ਜੇਂਦ' ਸ਼ਬਦ ਦੇ ਇਨ੍ਹਾਂ ਤੋਂ ਬਿਨਾਂ ਹੋਰ ਅਰਥ ਵੀ ਲਏ ਜਾਂਦੇ ਹਨ। ਇਹ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ 'ਜੰਦ' ਦਾ ਭਾਵ 'ਟੀਕਾ' ਹੈ ਪਰ ਇਹ ਟੀਕਾ ਮੌਲਿਕ ਹੈ ਜੋ ਅਵੇਸਤਾ ਦੀ ਭਾਸ਼ਾ ਵਿਚ ਲਿਖਿਆ ਗਿਆ ਸੀ ਅਤੇ ਕੁਝ ਸਮਾਂ ਬੀਤਣ ਮਗਰੋਂ ਇਹ ਅਵੇਸਤਾ ਦਾ ਭਾਗ ਬਣ ਗਿਆ। ਇਹ ਵਿਚਾਰ ਆਮ ਪ੍ਰਗਟਾਇਆ ਜਾਂਦਾ ਹੈ ਕਿ 'ਸ਼ੁਰੂ ਵਿਚ ਜੰਦ ਦਾ ਭਾਵ ਜ਼ਰਤੁਸਤ ਦੇ ਉਤਰਾਧਿਕਾਰੀਆਂ ਵਿਚੋਂ ਪੈਗੰਬਰ ਅਤੇ ਉਸ ਦੇ ਨਜ਼ਦੀਕੀ ਸ਼ਿਸ਼ਾਂ ਦੀਆਂ ਪਵਿੱਤਰ ਲਿਖਤਾਂ ਉਪਰ ਕੀਤੇ ਗਏ ਟੀਕੇ ਤੋਂ ਸੀ। ਇਹ ਟੀਕੇ ਮੂਲ ਪਾਠ ਵਾਲੀ ਭਾਸ਼ਾ ਵਿਚ ਹੀ ਲਿਖੇ ਗਏ ਹੋਣਗੇ। ਜਦੋਂ ਇਹ ਭਾਸ਼ਾ ਪੁਜਾਰੀਆਂ ਤੋਂ ਬਿਨਾਂ ਬਾਕੀਆਂ ਲਈ ਸਮਝਣੀ ਕਠਿਨ ਹੋ ਗਈ ਤਾਂ ਇਨ੍ਹਾਂ ਟੀਕਿਆਂ ਨੂੰ ਮੂਲ ਪਾਠ ਦਾ ਅੰਗ ਸਮਝਿਆ ਜਾਣ ਲਗ ਪਿਆ। ਇਸ ਤਰ੍ਹਾਂ ਇਕ ਨਵੇਂ ਟੀਕੇ ਜਾਂ ਜੰਦ ਦੀ ਲੋੜ ਮਹਿਸੂਸ ਹੋਈ। ਇਸ ਨਵੀਂ ਜ਼ੰਦ ਨੂੰ ਸਸੈਨੀਅਨ ਯੁਗ ਦੇ ਵਿਦਵਾਨ ਪੁਜਾਰੀਆਂ ਨੇ ਤਿਆਰ ਕੀਤਾ। ਇਹ ਪਹਿਲਵੀ ਵਿਚ ਅਨੁਵਾਦ ਸੀ ਜੋ ਉਨ੍ਹਾਂ ਦਿਨਾਂ ਵਿਚ ਪਰਸ਼ੀਆ ਦੀ ਦੇਸੀ ਭਾਸ਼ਾ ਸੀ ਅਤੇ ਉਸ ਤੋਂ ਬਾਅਦ 'ਜੈਦ' ਸ਼ਬਦ ਉਦੋਂ ਤੋਂ ਹੀ ਇਸੇ ਅਨੁਵਾਦ ਲਈ ਵਰਤਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਇਹ ਗੱਲ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਸ਼ਬਦ 'ਜੰਦ' ਦਾ ਭਾਵ ਟੀਕਾ ਹੈ।

ਧਰਮ ਗ੍ਰੰਥ ਅਵੇਸਤਾ ਅਤੇ ਖੋਰਦ-ਅਵੇਸਤਾ ਨਾਂ ਦੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਖੇਰਦ-ਅਵੇਸਤਾ ਦਾ ਭਾਵ ਹੈ ਛੋਟੀ ਅਵੇਸਤਾ। ਅਵੇਸਤਾ ਵਿਚ ਯਾਸਨਾ, ਵਿਸਪੀਰਦ ਅਤੇ ਵੈਂਦੀਦਾਦਾ ਨਾਂ ਦੀਆਂ ਰਚਨਾਵਾਂ ਸ਼ਾਮਿਲ ਹਨ। 'ਯਾਸਨਾ', ਧਰਮ ਗ੍ਰੰਥ ਦਾ ਇਕ ਮਹੱਤਵਪੂਰਨ ਅੰਗ ਹੈ। ਇਹਦੇ ਪਹਿਲੇ ਭਾਗ ਵਿਚ ਪੰਜ ਗਾਥਾਵਾਂ ਦਰਜ ਹਨ।

ਇਹ ਗਾਥਾਵਾਂ ਸ਼ਾਇਦ ਪੈਗੰਬਰ ਦੁਆਰਾ ਉਚਾਰੀ ਗਈ ਇਕੋ ਇਕ ਬਾਣੀ ਹੈ। ਇਹ ਸ਼ਾਇਦ ਇਸ ਧਰਮ ਦੇ ਬਾਨੀ ਦੇ ਜੀਵਨ ਅਤੇ ਵਿਚਾਰਾਂ ਤੇ ਰੌਸ਼ਨੀ ਪਾਉਣ ਵਾਲਾ ਇਕੋ ਇਕ ਸਾਧਨ ਹਨ। ਯਾਸਨਾ ਦੀ ਭਾਸ਼ਾ ਇਕ ਵਿਸ਼ੇਸ਼ ਉਪਬੋਲੀ ਹੈ ਜੋ ਸ਼ਾਇਦ ਅਵੇਸਤਾ ਦੀ ਆਮ ਭਾਸ਼ਾ ਤੋਂ ਪੁਰਾਣੀ ਹੈ। ਇਹ ਭਾਸ਼ਾ ਵੈਦਿਕ ਭਾਸ਼ਾ ਨਾਲ ਮੇਲ ਖਾਂਦੀ ਪ੍ਰਤੀਤ ਹੁੰਦੀ ਹੈ। ਯਾਸਨਾ ਦੇ ਦੂਜੇ ਭਾਗਾਂ ਵਿਚ ਪ੍ਰਾਰਥਨਾਵਾਂ ਅਤੇ ਰਸਮਾਂ ਦਰਜ ਹਨ। ਇਹ ਪ੍ਰਾਰਥਨਾਵਾਂ ਸਰਵਉਚ ਪਰਮਾਤਮਾ ਨੂੰ ਸੰਬੰਧਿਤ ਕੀਤੀਆਂ ਗਈਆਂ ਹਨ।

ਅਵੇਸਤਾ ਦਾ ਦੂਜਾ ਭਾਗ ਵਿਸਪੀਰਦ (Vispered) ਉਨ੍ਹਾਂ ਮੰਤਰਾਂ ਦਾ ਸੰਕਲਨ ਹੈ ਜਿਹੜੇ ਪ੍ਰਾਰਥਾਨਾਵਾਂ ਜਾਂ ਬਲੀਦਾਨਾਂ ਤੋਂ ਪਹਿਲਾਂ ਉਚਾਰੇ ਜਾਂਦੇ ਹਨ। ਅਵੇਸਤਾ ਦੀ ਤੀਜੀ ਮੁਕੰਮਲ ਕਿਤਾਬ ਵੈਂਦੀਦਾਦ ਹੈ। ਇਸ ਵਿਚ ਧਾਰਮਿਕ ਨਿਯਮ ਅਤੇ ਮਿਥਿਹਾਸਕ ਕਹਾਣੀਆਂ ਸ਼ਾਮਿਲ ਹਨ। ਵੈਂਦੀਦਾਦ (Vendidad) ਦਾ ਮੁੱਖ ਭਾਗ ਸ਼ੁੱਧਤਾ ਦੇ ਨਿਯਮਾਂ ਨਾਲ ਸੰਬੰਧਿਤ ਹੈ। ਪਰਮਾਤਮਾ ਜ਼ਰਤੁਸਤ ਦੁਆਰਾ ਕੀਤੇ ਗਏ ਪ੍ਰਸ਼ਨਾਂ ਦੇ ਉੱਤਰ ਵਿਚ ਉਸ ਅੱਗੇ ਰੱਬੀ ਕਾਨੂੰਨ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਵੈਂਦੀਦਾਦ ਵਿਚਲੇ ਆਦੇਸ਼ ਦੂਜੇ ਧਰਮਾਂ ਦੇ ਇਲਹਾਮ (Revelation) ਤੋਂ ਇਸ ਤਰ੍ਹਾਂ ਭਿੰਨ ਹਨ ਕਿ ਦੂਜੇ ਧਰਮਾਂ ਵਿਚ ਕਾਨੂੰਨ (Law) ਦਾ ਪ੍ਰਕਾਸ਼ ਬਿਨਾਂ ਪ੍ਰਸ਼ਨ ਪੁੱਛਣ ਦੇ ਕੀਤਾ ਹੁੰਦਾ ਹੈ। ਵੈਂਦੀਦਾਤ ਵਿਚ ਅਹੁਰ (Ahura- ਸਰਵ ਸ਼ਕਤੀਮਾਨ) ਪਾਰਸੀ ਧਰਮ ਦੇ ਬਾਨੀ ਜ਼ਰਤੁਸਤ ਵਲੋਂ ਕੀਤੇ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ। ਸਵਾਲ-ਜਵਾਬ ਕਈ ਪ੍ਰਕਾਰ ਦੀਆਂ ਸ਼ੁੱਧੀਆਂ ਨਾਲ ਸੰਬੰਧਿਤ ਹਨ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਇਸ ਮਹਾਨ ਸਾਹਿਤ ਦੇ ਕੁੱਝ ਟੋਟੇ ਵੀ ਹਨ ਜਿਹੜੇ ਗੁਆਚ ਗਏ ਹਨ। ਇਹ ਕਿਹਾ ਜਾਂਦਾ ਹੈ ਕਿ ਇਸ ਸਾਹਿਤ ਵਿਚ ਕੋਈ 21 ਮਹਾਨ ਲੇਖ, ਜਿਨ੍ਹਾਂ ਨੂੰ ਨੋਸਕ (Noska) ਕਿਹਾ ਜਾਂਦਾ ਸੀ ਸ਼ਾਮਿਲ ਸਨ। ਅਜੇਹੇ ਲੇਖ ਅਤੇ ਅੰਸ਼, ਜਿਹੜੇ ਅੱਜ ਕੱਲ ਵੀ ਮਿਲਦੇ ਹਨ, ਦਵਾਈਆਂ, ਖੇਤੀਬਾੜੀ, ਵਨਸਪਤੀ ਵਿਗਿਆਨ ਅਤੇ ਫਿਲਾਸਫੀ ਨਾਲ ਸੰਬੰਧਿਤ ਵਿਸ਼ਿਆਂ ਉਤੇ ਚਾਨਣਾ ਪਾਉਂਦੇ ਹਨ।

ਇਸ ਧਾਰਮਿਕ ਸਾਹਿਤ ਦੇ ਦੂਜੇ ਅੰਗ ਨੂੰ ਖੋਰਦ-ਅਵੇਸਤਾ (ਛੋਟੀ ਅਵੇਸਤਾ) ਕਿਹਾ ਜਾਂਦਾ ਹੈ। ਇਸ ਵਿਚ ਯਾਸ਼ਤ ਅਤੇ ਪ੍ਰਾਰਥਨਾਵਾਂ ਸ਼ਾਮਿਲ ਹਨ। ਇਹ ਪੁਜਾਰੀਆਂ ਦੀ ਬਜਾਏ ਇਸ ਧਰਮ ਦੇ ਮੰਨਣ ਵਾਲੇ ਆਮ ਲੋਕਾਂ ਲਈ ਹਨ। ਯਾਸ਼ਤ ਪਵਿੱਤਰ ਰੂਹਾਂ ਦੀ ਪ੍ਰਸੰਸਾ ਵਿਚ ਰਚੇ ਗਏ ਸੋਹਿਲੇ ਹਨ। ਖੋਰਦ-ਅਵੇਸਤਾ ਵਿਚਲੀਆਂ ਕਈ ਪ੍ਰਾਰਥਨਾਵਾਂ ਭਾਰਤ ਦੇ ਪਾਰਸੀ ਉਚਾਰਦੇ ਹਨ। ਇਹ ਪ੍ਰਾਰਥਨਾਵਾਂ ਦਿਨ ਮਹੀਨੇ ਜਾਂ ਸਾਲ ਦੇ ਕਿਸੇ ਵਿਸ਼ੇਸ਼ ਸਮੇਂ ਕੀਤੀਆਂ ਜਾਂਦੀਆਂ ਹਨ। ਖੋਰਦ-ਅਵੇਸਤਾ ਇਕ ਮਿਸ਼ਰਤ ਸੰਗ੍ਰਹਿ ਹੈ। ਇਸ ਦੇ ਕੁਝ ਅੰਗ ਬਹੁਤ ਪ੍ਰਾਚੀਨ ਹਨ ਜਦੋਂ ਕਿ ਕੁਝ ਥੋੜ੍ਹੇ ਸਮੇਂ ਤੋਂ ਹੀ ਰਚੇ ਗਏ ਹਨ।

ਅਵੇਸਤਾ ਦੀਆਂ ਤਿੰਨ ਪੁਸਤਕਾਂ ਦੋ ਤਰ੍ਹਾਂ ਮਿਲਦੀਆਂ ਹਨ। ਇਕ ਤਾਂ ਹਰੇਕ ਪੁਸਤਕ ਸੰਪੂਰਣ ਰੂਪ ਵਿਚ ਮਿਲਦੀ ਹੈ ਜਿਸ ਦੇ ਨਾਲ ਆਮ ਕਰਕੇ ਪਹਿਲਵੀ ਭਾਸ਼ਾ ਵਿਚ ਕੀਤਾ ਗਿਆ ਅਨੁਵਾਦ ਸ਼ਾਮਲ ਹੁੰਦਾ ਹੈ। ਦੂਜੀ ਹਾਲਤ ਵਿਚ ਤਿੰਨੇ ਪੁਸਤਕਾਂ ਇਕੱਠੀਆਂ ਇਕ ਕਿਤਾਬ ਦੇ ਰੂਪ ਵਿਚ ਮਿਲਦੀਆਂ ਹਨ ਅਤੇ ਇਨ੍ਹਾਂ ਨਾਲ ਕੋਈ ਅਨੁਵਾਦ ਸ਼ਾਮਿਲ ਨਹੀਂ ਹੁੰਦਾ। ਇਸ ਇਕੱਲੀ ਪੁਸਤਕ ਨੂੰ ਰੋਜ਼ਾਨਾ ਪੂਜਾ ਆਦਿ ਲਈ ਵਰਤਿਆ ਜਾਦਾ ਹੈ ਕਿਉਂਕਿ ਜੋ ਪੂਜਾ ਸਮੇਂ ਤਿੰਨਾਂ ਪੁਸਤਕਾਂ ਦੇ ਭਾਗਾਂ ਵਿਚੋਂ ਸ਼ਬਦ ਉਚਾਰੇ ਜਾਂਦੇ ਹਨ। ਇਸ ਪੁਸਤਕ ਨੂੰ 'ਵੈਂਦੀਦਾਦ ਸਾਦਾ' ਜਾਂ 'ਵੈਂਦੀਦਾਦਾ ਸ਼ੁੱਧ' ਕਿਹਾ ਜਾਂਦਾ ਹੈ ਕਿਉਂ ਜੋ ਇਹਦੇ ਪਾਠ ਨਾਲ ਅਨੁਵਾਦ ਸ਼ਾਮਿਲ ਨਹੀਂ ਹੁੰਦਾ।

**ਸਿਖਿਆਵਾਂ**

1. ਜ਼ਰਤੁਸਤ ਵਲੋਂ ਚਲਾਇਆ ਗਿਆ ਧਰਮ ਅਹੁਰਮਜ਼ਦ (Ahuramazadda) ਵਲੋਂ ਉਸ ਪ੍ਰਤੀ ਕੀਤੇ ਗਏ ਪ੍ਰਕਾਸ਼ (ਇਲਹਾਮ-Revelation) ਉਤੇ ਆਧਾਰਿਤ ਹੈ। ਇਸ ਦਾ ਭਾਵ ਹੈ ਕਿ ਜ਼ਰਤੁਸਤ ਦੁਆਰਾ ਕਾਇਮ ਕੀਤਾ ਗਿਆ ਧਰਮ ਸੱਚਾ, ਚੰਗਾ ਅਤੇ ਅੰਤਰ ਧਰਮ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਇਹ ਧਰਮ ਸਿੱਧੇ ਇਲਹਾਮ (Direct Revelation) ਦਾ ਸਿੱਟਾ ਹੈ। ਪਰ Gathas ਵਿਚ ਇਹ ਗੱਲਾਂ ਵੀ ਪੜ੍ਹਦੇ ਹਾਂ ਕਿ ਦੈਵੀ ਸੰਦੇਸ਼ਕ ਸਾਰੋਸ਼ ਜ਼ਰਤੁਸਤ ਦੇ ਕੰਨਾਂ ਵਿਚ ਸਿਆਣਪ (ਗਿਆਨ) ਦੀ ਫੂਕ ਮਾਰਦਾ ਹੈ ਅਤੇ ਇਹ ਗਿਆਨ (ਸੰਸਾਰ ਅਤੇ ਪਰਮਾਤਮਾ ਸੰਬੰਧੀ ਪੂਰਾ ਗਿਆਨ) ਅਗੋਂ ਇਕੀ ਨੋਸਕਾਂ (Nosks) ਵਿਚ ਦਰਜ ਕੀਤਾ ਗਿਆ ਸੀ। ਪਰ ਨੋਸਕਾਂ ਦਾ ਬਹੁਤ ਸਾਰਾ ਭਾਗ ਆਉਣ ਵਾਲੇ ਸਾਲਾਂ ਵਿਚ ਗੁਆਚ ਗਿਆ। ਕੁਝ ਵਿਦਵਾਨਾਂ ਅਨੁਸਾਰ ਇਹ ਗਿਆਨ ਜ਼ਰਤੁਸਤ ਨੂੰ ਅਹੁਰਮਜ਼ਦ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਪ੍ਰਾਪਤ ਹੋਇਆ।

2. ਪਰਮਾਤਮਾ ਕੇਵਲ ਇਕੋ ਹੈ ਉਹ ਹੈ ਅਹੁਰਮਜ਼ਦ। ਉਹ ਸਰਵ-ਉੱਚ ਹੈ, ਸਰਵ-ਸ਼ਕਤੀਮਾਨ ਹੈ ਅਤੇ ਹਰ ਥਾਂ ਹਾਜ਼ਰ ਹੈ। ਇਸ ਵਿਸ਼ਵ ਵਿਚ ਕੋਈ ਜ਼ੱਰਾ (ਕਿਣਕਾ) ਵੀ ਨਹੀਂ ਜਿਥੇ ਅਹੁਰਮਜ਼ਦ ਹਾਜ਼ਰ ਨਹੀਂ। ਉਹ ਸਭ ਕੋਲ ਇਕੋ ਜਿਹਾ ਪਹੁੰਚਦਾ ਹੈ। ਅਹੁਰਮਜ਼ਦ ਯਾਸ਼ਤ ਵਿਚ ਉਸ ਲਈ ਵਰਤੇ ਗਏ ਵੀਹ ਨਾਵਾਂ ਵਿਚੋਂ ਇਕ ਨਾਂ ਅਵਿਤਾਨਯੋ (ਭਾਵ ਹਰ ਥਾਂ ਹਾਜ਼ਰ ਹੈ) ਹੈ ਭਾਵੇਂ ਅਸੀਂ ਉਸ ਨੂੰ ਵੇਖ ਨਹੀਂ ਸਕਦੇ। ਅਹੁਰਮਜ਼ਦ ਗੁਪਤ ਅਤੇ ਅਦਿਖ ਦਸਿਆ ਗਿਆ ਹੈ ਪਰ ਉਹ ਗਿਆਨ ਹੀਨ ਨਹੀਂ ਹਨ।

ਅਹੁਰਮਜ਼ਦ ਸਰਬ ਗਿਆਤਾ ਹੈ। ਇਕ ਪ੍ਰਾਰਥਨਾ ਵਿਚ ਕਿਹਾ ਗਿਆ ਹੈ 'ਅਹੁਨਾਵੈਤੀ ਗਾਥਾ ਯਾਸਨਾਹਾ' (28.7) ਅਰਥਾਤ ''ਐ ਸਰਬ-ਗਿਆਤਾ ਮਾਲਕ ਮੈਂ ਤੇਰੇ ਤਾਈਂ ਸਮਿਅਕ ਮਨ ਰਾਹੀਂ ਪਹੁੰਚ ਜਾਵਾਂ।'' ਇਸ ਉਕਤ ਪਾਠ (31.7) ਵਿਚ ਇਕ ਹੋਰ ਦਿਲਚਸਪ ਗੱਲ ਦਰਜ ਹੈ, ''ਅਹੁਰਮਜ਼ਦ ਸਰਬ-ਗਿਆਤਾ ਹੈ, ਇਸ ਕਰਕੇ ਸਾਰੇ ਵਿਸ਼ਵ ਦਾ ਸਿਰਜਣਹਾਰ ਹੈ।'' ਇਸ ਤਰ੍ਹਾਂ ਅਹੁਰਮਜ਼ਦ ਸਰਬ-ਜਾਨਣਹਾਰ ਹੋਣ ਕਾਰਨ ਸਿਰਜਣਹਾਰ ਹੈ।

ਸਰਵ-ਉਚ ਪਰਮਾਤਮਾ ਸਰਬ ਸ਼ਕਤੀਮਾਨ ਹੈ। ਆਪਣੀ ਸੱਤਾ ਕਾਰਣ ਉਹ ਸਭ ਜੀਵਾਂ ਦਾ ਭਗਵਾਨ ਹੈ। 'ਉਸਤਵੰਤੀ' ਗਾਥਾ ਯਾਸਨਾ ਵਿਚ ਅਹੁਰਮਜ਼ਦ ਨੂੰ ਸਰਬ ਸ਼ਕਤੀਮਾਨ, ਦਿਆਲੂ, ਨੇਕ, ਸਿਆਣਾ ਅਤੇ ਸੂਰਜ ਵਾਂਗ ਰੋਸ਼ਨ ਦਰਸਾਇਆ ਗਿਆ ਹੈ। ਉਹ ਪੂਰਣ ਸ਼ੁੱਧ ਮਨ ਦਾ ਸੁਆਮੀ ਹੈ। ਇਸੇ ਗ੍ਰੰਥ ਵਿਚ ਇਹ ਕਿਹਾ ਹੈ ਕਿ ''ਆਪਣੇ ਰਾਜ ਵਿਚ ਉਸ ਨੇ ਪਵਿੱਤਰ ਮਨ ਅਤੇ ਨੇਕੀ ਰਾਹੀਂ ਸੰਪੂਰਣਤਾ ਅਤੇ ਅਮਰਤਵ (Immorality) ਦੀ ਪ੍ਰਾਪਤੀ ਕਰ ਲਈ ਹੈ।''

ਅਹੁਰਮਜ਼ਦ ਯਾਸ਼ਤ ਵਿਚ ਅਜਿਹੇ 25 ਨਾਂ ਦਰਜ ਹਨ ਜੋ ਪਰਮਾਤਮਾ ਦੇ ਵੱਖ-ਵੱਖ ਪਹਿਲੂਆਂ ਦਾ ਵਰਣਨ ਕਰਦੇ ਹਨ। ਇਕ ਹੋਰ ਬਿਰਤਾਂਤ ਵਿਚ ਅਹੁਰਮਜ਼ਦ ਦੇ 101 ਨਾਂ ਪੁਕਾਰੇ ਗਏ ਹਨ। ਇਨ੍ਹਾਂ ਨਾਵਾਂ ਨੂੰ ਵੱਖ-ਵੱਖ ਵਰਗਾਂ ਵਿਚ ਰਖਿਆ ਜਾ ਸਕਦਾ ਹੈ ਜਿਨ੍ਹਾਂ ਤੋਂ ਅਹੁਰਮਜ਼ਦ ਸਰਬ ਸ਼ਕਤੀਮਾਨ, ਸਰਬ ਗਿਆਤਾ, ਹਰ ਥਾਂ ਹਾਜ਼ਰ ਨਾਜ਼ਰ, ਸਭ ਤੋਂ ਪਵਿੱਤਰ ਅਤੇ ਸਿਰਜਣਹਾਰ ਪ੍ਰਤੀਤ ਹੁੰਦਾ ਹੈ। ਪਰ ਇਹ ਉਸ ਦੇ ਇਕ ਸੌ ਇਕ ਨਾਵਾਂ ਦਾ ਬਹੁਤ ਸਾਧਾਰਣ ਵਰਗੀਕਰਣ ਹੈ। ਵੱਖ-ਵੱਖ ਪ੍ਰਾਰਥਨਾਵਾਂ ਵਿਚ, ਉਸ ਨੂੰ ਮਿੱਤਰ, ਪਿਤਾ ਅਤੇ ਮਾਨਵ ਜਾਤੀ ਦਾ ਅੰਤਿਮ ਟੀਚਾ ਵੀ ਕਿਹਾ ਗਿਆ ਹੈ।

ਭਾਰਤ ਵਿਚਲੇ ਪਾਰਸੀ ਆਪਣੇ ਆਪ ਨੂੰ ਇਕੀਸ਼ਰਵਾਦੀ (ਇਕ ਪਰਮਾਤਮਾ ਮਜ਼ਦ ਦੇ ਪੁਜਾਰੀ) ਕਹਿੰਦੇ ਹਨ। ਇਹ ਪਰਮਾਤਮਾ ਸਰਬ-ਗਿਆਤਾ ਸਰਬ-ਸ਼ਕਤੀਮਾਨ ਹੈ। ਉਸ ਦਾ ਸਰੀਰ ਅਥਾਹ ਨੂਰ ਹੈ ਅਤੇ ਨਿਵਾਸ ਸਭ ਤੋਂ ਉੱਚਾ ਸਵਰਗ ਹੈ। ਗਾਥਾ ਦੇ ਵੱਖ-ਵੱਖ ਪੈਰਿਆਂ ਵਿਚ 'ਅਹੁਰਮਜ਼ਦ' ਸ਼ਬਦ ਕਈ ਵੱਖ-ਵੱਖ ਰੂਪਾਂ ਵਿਚ ਅਰਥਾਤ ਮਜ਼ਦ ਅਹਰ, ਮਜ਼ਦਅਹੁਰ ਅਤੇ ਅਹੁਰਮਜ਼ ਵਰਤਿਆ ਗਿਆ ਹੈ। ਸਾਨੂੰ ਅਜੇ ਪਰਮਾਤਮਾ ਲਈ ਵਰਤੇ ਇਸ ਸ਼ਬਦ ਦੀ ਵੱਖ-ਵੱਖ ਤਰ੍ਹਾਂ ਦੀ ਵਰਤੋਂ ਦੇ ਕਾਰਨਾਂ ਬਾਰੇ ਬਹੁਤ ਕੁਝ ਪਤਾ ਨਹੀਂ ਹੈ।

3. ਅਹੁਰਮਜ਼ਦ ਸਰਵ-ਉੱਚ ਪਰਮਾਤਮਾ ਹੈ ਪਰ ਐਂਗ੍ਰ-ਮੈਨਯ ਨਾਂ ਦੀ ਭੈੜੀ ਰੂਹ ਉਸ ਦਾ ਵਿਰੋਧ ਕਰਦੀ ਹੈ। ਇਸ ਰੂਹ ਨੂੰ ਮਗਰੋਂ ਅਹਰਮਨ ਕਿਹਾ ਜਾਣ ਲਗਿਆ। ਯਹੂਦੀ ਜਾਂ ਇਸਾ ਧਰਮ-ਗ੍ਰੰਥਾਂ ਅਤੇ ਕੁਰਾਨ ਵਿਚ ਉਸ ਨੂੰ ਸ਼ੈਤਾਨ ਕਿਹਾ ਗਿਆ ਹੈ। ਇਸ ਤਰ੍ਹਾਂ ਨੇਕੀ ਅਤੇ ਬਦੀ ਦੀਆਂ ਸ਼ਕਤੀਆਂ ਵਿਚ ਸ਼ੁਰੂ ਤੋਂ ਹੀ ਖਿਚੋਤਾਣ ਰਹੀ ਹੈ।

ਯਾਸ਼ਤ ਵਿਚ ਜ਼ਿਕਰ ਆਉਂਦਾ ਹੈ ਕਿ ''ਸੁਪਨੇ ਵਿਚ ਜਿਹੜੀਆਂ ਅਸੀਂ ਦੋ ਜੋੜੀਆਂ-ਰੂਹਾਂ ਵੇਖੀਆਂ ਉਹ ਸੋਚਣੀ, ਕਥਨੀ ਅਤੇ ਕਰਨੀ ਵਿਚ ਨੇਕੀ ਅਤੇ ਬਦੀ ਦੀਆਂ ਰੂਹਾਂ ਹਨ। ਇਨ੍ਹਾਂ ਦੋਹਾਂ ਵਿਚੋਂ ਸਿਆਣੇ ਲੋਕ ਨੇਕੀ ਦਾ ਪੱਲਾ ਫੜਦੇ ਹਨ ਪਰ ਮੂਰਖ ਇੰਜ ਨਹੀਂ ਕਰਦੇ।'' ਇਹ ਜ਼ਰਤੁਸਤ ਦੇ ਮੱਤ ਦਾ ਕੇਂਦਰੀ ਧੁਰਾ ਹੈ। ਇਹ ਪ੍ਰਾਭੌਤਿਕ ਪਸਾਰਾ ਬਹੁਤ ਹੱਦ ਤਕ ਇਸ ਸੱਚਾਈ ਉਤੇ ਨਿਰਭਰ ਕਰਦਾ ਹੈ। ਨੈਤਿਕ-ਦਵੈਤਵਾਦ ਦਾ ਹੌਲੀ-ਹੌਲੀ ਪ੍ਰਾਭੌਤਿਕ ਸ਼ਕਤੀ ਵਜੋਂ ਸਮਝ ਵਿਚ ਆਉਣਾ ਸ਼ੁਰੂ ਹੋਇਆ।

ਇਤਿਹਾਸਕ ਤੌਰ ਤੇ ਅਸੀਂ ਵੇਖਦੇ ਹਾਂ ਕਿ ਗਾਥਾ ਦਾ ਇਕਸ਼ਿਵਰਵਾਦ ਹੌਲੀ-ਹੌਲੀ ਮੌਜ਼ਦੀ ਦਵੈਤ ਮੱਤ ਵਿਚ ਬਦਲ ਚੁੱਕਾ ਸੀ। ਸਸੈਨੀਅਨ ਯੁੱਗ ਵਿਚ (224 ਈਸਵੀ ਦੇ ਕਰੀਬ) ਇਸ ਦਵੇਤਵਾਦ ਨੂੰ ਸਨਾਤਨੀ ਦ੍ਰਿਸ਼ਟੀਕੋਣ ਵਜੋਂ ਪ੍ਰਵਾਨ ਕੀਤਾ ਗਿਆ। ਦਵੈਤਵਾਦ ਦਾ ਵਿਹਾਰ ਅਵੇਸਤਾ ਵਿਚਲੇ ਉਨ੍ਹਾਂ ਸੰਕੇਤਾਂ ਤੋਂ ਜ਼ੋਰ ਪਕੜਦਾ ਹੈ ਜਿਨ੍ਹਾਂ ਅਨੁਸਾਰ ਐਂਗ੍ਰ-ਮੈਨਯੁ ਨੇਕੀ ਦੇ ਪਰਮਾਤਮਾ ਤੋਂ ਬਿਲਕੁਲ ਆਜ਼ਾਦ ਦਰਸਾਇਆ ਗਿਆ ਹੈ। ਇਸ ਸ਼ੈਤਾਨ ਨੂੰ ਬਹੁਤ ਸਾਰੇ ਦੈਤਾਂ (ਦੇਵਾਂ) ਦਾ ਸਿਰਜਣਹਾਰ ਦੱਸਿਆ ਗਿਆ ਹੈ। ਧਰਮ ਗ੍ਰੰਥਾਂ ਵਿਚ ਸੰਸਾਰ ਅਤੇ ਇਸ ਦੇ ਜੀਵਾਂ ਦੀਆਂ ਚੰਗੀਆਂ ਅਤੇ

ਭੈੜੀਆਂ ਰੂਹਾਂ ਵਿਚ ਵੰਡ ਕੀਤੀ ਗਈ ਹੈ। ਐਂਗ੍ਰ-ਮੈਨਯੂ ਸਰਦੀ, ਬੀਮਾਰੀ, ਭੇੜੀਏ ਵਰਗੇ ਜਾਨਵਰਾਂ, ਜ਼ਹਿਰੀਲੇ ਸੱਪਾਂ ਟਿੱਡੀ ਦਲਾਂ ਆਦਿ ਦਾ ਕਰਤਾ ਹੈ। ਵੈਂਦੀਦਾਦ ਨਾਂ ਦਾ ਧਰਮ-ਗ੍ਰੰਥ ਐਂਗ੍ਰ-ਮੈਨਯੂ ਦੁਆਰਾ ਸਿਰਜੀਆਂ ਗਈਆਂ ਬੁਰੀਆਂ ਵਸਤਾਂ ਅਤੇ ਜੀਵਾਂ ਦੇ ਬਿਰਤਾਂਤ ਨਾਲ ਸ਼ੁਰੂ ਹੁੰਦਾ ਹੈ। ਕੁੱਤੇ, ਕਾਂ, ਗਿਧਾਂ, ਬਲਦ, ਬੱਕਰੀਆਂ, ਜੰਗਲੀ ਗਧੇ ਆਦਿ ਚੰਗੀ ਰੂਹ ਦੁਆਰਾ ਸਿਰਜੇ ਗਏ ਹਨ।

4. ਨੇਕੀ ਅਤੇ ਬਦੀ ਵਿਚ ਦ੍ਵੰਦ ਹਰੇਕ ਵਿਅਕਤੀ ਦੀ ਆਤਮਾ ਵਿਚ ਦਰਸਾਇਆ ਗਿਆ ਹੈ। ਇਸ ਲਈ ਹਰੇਕ ਵਿਅਕਤੀ ਨੂੰ ਬਦੀ ਉੱਤੇ ਜਿੱਤ ਹਾਸਲ ਕਰਨ ਅਤੇ ਨੇਕੀ ਦਾ ਮਾਰਗ ਚੁਣਨ ਲਈ ਜਦੋ-ਜਹਿਦ ਕਰਨੀ ਪੈਂਦੀ ਹੈ। ਇਹ ਕਿਹਾ ਗਿਆ ਹੈ ਜਿਹੜਾ ਵਿਅਕਤੀ ਚੋਣ ਕਰਕੇ ਹੁਕਮ ਦੀ ਪਾਲਣਾ ਕਰਦਾ ਹੈ ਉਹ ਨਾ ਕੇਵਲ ਆਪਣੀ ਨਿੱਜੀ ਜਦੋ-ਜਹਿਦ ਵਿਚ ਕਾਮਯਾਬੀ ਪ੍ਰਾਪਤ ਕਰਦਾ ਹੈ ਸਗੋਂ ਬ੍ਰਹਮੰਡੀ ਪੱਧਰ ਉੱਤੇ ਨੇਕੀ ਦੀ ਜਿੱਤ ਲਿਆਉਣ ਵਿਚ ਸਹਾਈ ਸਾਬਤ ਹੁੰਦਾ ਹੈ। ਨੇਕੀ ਦਾ ਮਾਰਗ ਮਨੁੱਖ ਨੂੰ ਅਹੁਰਮਜ਼ਦ ਦੇ ਨੇੜੇ ਪਹੁੰਚ ਦਾ ਹੈ, ਪਰ ਉਹ ਬੁਰੇ ਕੰਮ ਕਰਕੇ ਬੁਰੀਆਂ ਰੂਹਾਂ ਦਾ ਸ਼ਿਕਾਰ ਹੋ ਜਾਂਦਾ ਹੈ।

ਸੰਸਾਰ ਵਿਚ ਵਾਪਰਨ ਵਾਲੀ ਹਰੇਕ ਘਟਨਾ ਮੁੱਖੋਂ ਓਚਾਰੇ ਗਏ ਹਰੇਕ ਸ਼ਬਦ ਅਤੇ ਸਾਡੀ ਹਰ ਇਕ ਸਰਗਰਮੀ ਵਿਚ ਇਹ ਯੁੱਧ ਜਾਰੀ ਹੈ। ਹਰੇਕ ਝੂਠ-ਐਂਗ੍ਰ-ਮੈਨਯੂ ਦੀ ਜਿੱਤ ਹੈ ਅਤੇ ਹਰੇਕ ਸਚਾਈ ਅਹੁਰਮਜ਼ਦ ਦੀ ਵਿਜੈ ਹੈ। ਕੋਈ ਵੀ ਗੱਲ ਮਹੱਤਵਹੀਣ ਨਹੀਂ। ਇਸ ਲਈ ਹਰੇਕ ਸਰਗਰਮੀ ਦੀ ਧਾਰਮਿਕ ਮਹੱਤਤਾ ਹੈ।

5. ਬੁਰੀ ਰੂਹ ਐਂਗ੍ਰ-ਮੈਨਯੂ ਬਹੁਤ ਸ਼ਕਤੀਸ਼ਾਲੀ ਹੈ ਅਤੇ ਇਸ ਨੂੰ ਤਬਾਹ ਕਰਨਾ ਸੰਭਵ ਨਹੀਂ ਪਰ ਜ਼ਰਤੁਸਤ ਅਹੁਰਮਜ਼ਦ ਦੇ ਹੱਕ ਵਿਚ ਅੰਤਿਮ ਜਿੱਤ ਸੰਬੰਧੀ ਆਸ਼ਾਵਾਦੀ ਸੀ। ਉਸ ਦਾ ਵਿਚਾਰ ਸੀ ਕਿ ਅੰਤ ਨੂੰ ਬਦੀ, ਨੇਕੀ ਉਤੇ ਜਿੱਤ ਪ੍ਰਾਪਤ ਕਰ ਹੀ ਲਏਗੀ।

ਜ਼ਰਤੁਸਤ ਦੀ ਸਿੱਖਿਆ ਦਾ ਇਹੋ ਪਹਿਲੂ ਸਾਡੀ ਇਕ ਰੱਬ ਵਿਚ ਵਿਸ਼ਵਾਸ ਦੀ ਭਾਵਨਾ ਨੂੰ ਸ਼ਕਤੀ ਬਖਸ਼ਦਾ ਹੈ। ਭਾਵੇਂ ਐਂਗ੍ਰ-ਮੈਨਯੂ ਨੇਕੀ ਦੀ ਰੂਹ ਨਾਲ ਪੈਦਾ ਹੋਇਆ ਹੈ ਪਰ ਅੰਤਰ ਵਿਚ ਜਿੱਤ ਨੇਕੀ ਦੀ ਹੋਵੇਗੀ। ਇਸ ਤਰ੍ਹਾਂ ਪਹਿਲੇ ਦਵੈਤਵਾਦ ਨੂੰ ਅੰਤ ਵਿਚ ਇਕੀਸ਼ਰਵਾਦ ਦਾ ਸਿਧਾਂਤ ਮਾਤ ਪਾ ਦੇਵੇਗਾ।

6. ਨੇਕੀ ਅਤੇ ਬਦੀ ਦੀਆਂ ਰੂਹਾਂ ਦੀ ਵਿਆਖਿਆ ਸਿਧਾਂਤਿਕ ਜ ਭਾਵਮਈ ਢੰਗ ਨਾਲ ਨਹੀਂ ਕੀਤੀ ਗਈ। ਜ਼ਰਤੁਸਤ ਦੁਆਰਾ ਸਥਾਪਿਤ ਕੀਤੇ ਗਏ ਧਰਮਾਂ ਵਿਚ ਵਿਵਹਾਰਕ ਦ੍ਰਿਸ਼ਟੀ ਅਨੁਸਾਰ ਚੰਗੇ ਮਨੁੱਖ ਨੂੰ ਖੇਤੀ ਦੇ ਵੱਖ-ਵੱਖ ਪਹਿਲੂ ਪ੍ਰਤੀ ਸ਼ਰਧਾਵਾਨ ਵਿਆਇਆ ਗਿਆ ਹੈ ਜਿਵੇਂ ਕਿ ਫਲਾਂ ਨੂੰ ਉਗਾਉਣਾ, ਧਰਤੀ ਤੇ ਹੱਲ ਵਾਹੁਣਾ, ਅਨਾਜ ਉਗਾਉਣਾ, ਕਿਸਾਨ ਦੇ ਕੰਮ ਆਉਣ ਵਾਲੇ ਜਾਨਵਰਾਂ ਅਤੇ ਖਾਸ ਕਰਕੇ ਗਊ ਦੀ ਚੰਗੀ ਤਰ੍ਹਾਂ ਪਾਲਣਾ ਕਰਨਾ ਆਦਿ। ਗਊ ਤੋਂ ਇਲਾਵਾ ਕੁੱਤੇ ਪ੍ਰਤੀ ਸਤਿਕਾਰ ਜਤਾਉਣਾ ਵੀ ਮਨੁੱਖ ਦਾ ਇਕ ਕਰਤੱਵ ਦਰਸਾਇਆ ਗਿਆ। ਕੁੱਤੇ ਨੂੰ ਭੁੱਖੇ ਮਾਰਨਾ ਪੁਜਾਰੀ ਨੂੰ ਭੁੱਖੇ ਮਾਰਨ ਦੇ ਤੁਲ ਦਸਿਆ ਗਿਆ ਹੈ।

ਜ਼ਰਤੁਸਤ ਟਪਰੀਵਾਸੀ ਜੀਵਨ ਦੇ ਵਿਰੁੱਧ ਸੀ। ਤੁਰਾਨੀ ਟਪਰੀਵਾਸੀ ਇਕ ਥਾਂ ਵੱਸ ਚੁੱਕੇ ਕਿਸਾਨਾਂ ਲਈ ਮੁਸੀਬਤ ਦਾ ਕਾਰਨ ਸਨ। ਉਹ ਫਸਲਾਂ ਅਤੇ ਭੇਡਾਂ ਨੂੰ ਚੁਰਾ ਲੈਂਦੇ ਸਨ ਜਾਂ ਤਬਾਹ ਕਰ ਛਡਦੇ ਸਨ। ਉਹ ਤਰੱਕੀ ਦੇ ਰਾਹ ਵਿਚ ਵਾਧਕ ਸਨ ਅਤੇ ਜੀਵਨ ਨੂੰ ਨਸ਼ਟ ਕਰਦੇ ਸਨ। ਖੇਤੀਬਾੜੀ ਨਾਲ ਸੰਬੰਧਿਤ ਕਰਤੱਵਾਂ ਤੋਂ ਇਲਾਵਾ ਨੇਕ ਪੁਰਸ਼ ਅਹੁਰਮਜ਼ਦ ਅਤੇ ਯਾਸਤਾਂ ਦੀ ਪੂਜਾ ਕਰਦਾ ਹੈ, ਪਵਿੱਤਰ ਅਗਨੀ ਜਲਾਈ ਰਖਦਾ ਹੈ ਅਤੇ ਮਰ ਚੁੱਕਿਆਂ ਦਾ ਆਦਰ ਕਰਦਾ ਹੈ।

ਸਭ ਤੋਂ ਉਚੇ ਗੁਣਾਂ ਵਿਚ ਈਮਾਨਦਾਰੀ, ਸਾਫ ਬਿਆਨੀ, ਇਨਸਾਫ, ਗਰੀਬਾਂ ਨੂੰ ਦਾਨ ਦੇਣਾ, ਅਜਨਬੀਆਂ ਦੀ ਮਹਿਮਾਨਦਾਰੀ ਅਤੇ ਸ਼ੁੱਧਤਾ ਆਦਿ ਗੁਣ ਸ਼ਾਮਿਲ ਹਨ। ਸ਼ੁੱਧਤਾ ਨਾ ਕੇਵਲ ਗੈਰ ਕੁਦਰਤੀ ਜੁਰਮ, ਵਿਭਚਾਰ, ਬਲਾਤਕਾਰ ਆਦਿ ਪਾਪਾਂ ਤੋਂ ਬਚਣ ਵਿਚ ਹੀ ਹੈ ਸਗੋਂ ਲਿੰਗ ਰਿਸ਼ਤਿਆਂ ਸੰਬੰਧੀ ਸਭ ਤਰ੍ਹਾਂ ਦੀਆਂ ਰਸਮਾਂ ਵਿਚ ਵੀ ਹੋਣੀ ਚਾਹੀਦੀ ਹੈ। ਇਕ ਪ੍ਰਸੰਗ ਵਿਆਹੁਤਾ ਜੀਵਨ ਦੀ ਪ੍ਰਸੰਸਾ ਕੀਤੀ ਗਈ ਹੈ। ਗੰਦੇ ਲੋਕਾਂ, ਖਾਸ ਕਰਕੇ ਮੁਰਦੇ ਨਾਲ ਛੂਹਣ ਤੋਂ ਬਚਣਾ ਚਾਹੀਦਾ ਹੈ।

ਪਾਰਸੀ ਮੱਤ ਅਨੁਸਾਰ ਚੰਗੇ ਕੰਮ ਕਿਸੇ ਵਿਅਕਤੀ ਦੇ ਪਾਪਾਂ ਨੂੰ ਧੋਅ ਸਕਦੇ ਹਨ। ਪਰ ਕੁਝ ਪਾਪ, ਜਿਵੇਂ ਕਿ ਕੁਦਰਤ ਅਤੇ ਸੰਸਕਾਰ (Cremation) ਵਿਰੁੱਧ ਕੀਤੇ ਕੰਮ, ਪਸ਼ਚਾਤਾਪ ਰਾਹੀਂ ਧੋਤੇ ਨਹੀਂ ਜਾ ਸਕਦੇ। ਇਹੋ ਜਿਹੇ ਪਾਪ ਕਰਨ ਵਾਲਾ ਵਿਅਕਤੀ ਹਮੇਸ਼ਾਂ ਲਈ ਤ੍ਰਿਸਕਾਰਿਆ ਜਾਂਦਾ ਹੈ। ਉਹ ਝੂਠ (Lie) ਦਾ ਸ਼ਿਕਾਰ ਹੋ ਜਾਂਦਾ ਹੈ।

7. ਪ੍ਰਸ਼ਨ ਉਠਦਾ ਹੈ ਕਿ ਅਸੀਂ ਅਹੁਰਮਜ਼ਦ ਦੀ ਇੱਛਾ ਨੂੰ ਕਿਵੇਂ ਜਾਣ ਸਕਦੇ ਹਾਂ। ਜ਼ਰਤੁਸਤ ਅਨੁਸਾਰ ਸਰਵ-ਉੱਚ ਪਰਮਾਤਮਾ ਦੀ ਇੱਛਾ ਪਵਿੱਤਰ ਰੂਹ, ਸਪੈਂਟਾ ਮੈਨਯੂ (Spenta Mainyu) ਰਾਹੀਂ ਪ੍ਰਗਟਾਈ ਜਾਂਦੀ ਹੈ। ਇਹ ਇੱਛਾ ਵੱਖ-ਵੱਖ ਦੈਵੀ ਕਾਰਜਾਂ, ਜਿਨ੍ਹਾਂ ਨੂੰ ਅਸੀਂ (Immortal Holy Ones) ਜਾਂ ਅਮੇਸ਼-ਸਪੈਂਸ ਕਹਿੰਦੇ ਹਾਂ, ਰਾਹੀਂ ਜਾਣੀ ਜਾ ਸਕਦੀ ਹੈ। ਇਨ੍ਹਾਂ ਨੂੰ ਸਹੀ ਵਿਚਾਰ ਜਾਂ ਭਾਵਨਾ (ਵੋਹੂਮਾਨਹ) ਸਹੀ ਜਾਂ ਤਰਤੀਬ ਵਾਲੀ ਹੋਂਦ ਆਸ਼ਾ, ਸ਼ਕਤੀ, ਕਸ਼ਬ੍) ਮਨੋਰਥ ਦੀ ਪਵਿੱਤਰਤਾ ਜਾਂ ਸਿਆਣਪ (ਅਰਮੈਤੀ), ਪੂਰਣਤਾ, ਖੁਸ਼ਹਾਲੀ, ਪ੍ਰਸੰਨਤਾ ਹੋਰਵਤਾਤ) ਅਤੇ ਅਮਰਤੱਵ (Immortality) ਕਿਹਾ ਜਾਂਦਾ ਹੈ।

ਸਪੈਂਟਾ-ਮੈਨਯੂ ਦਾ ਸੁਭਾ ਬਹੁਤ ਸਪੱਸ਼ਟ ਨਹੀਂ ਕੀਤਾ ਗਿਆ ਪਰ ਪਰਤੀਤ ਹੁੰਦਾ ਹੈ ਕਿ ਸਪੇਟਾ-ਮੈਨਯੂ ਅਥਾਹ ਅਤੇ ਸਦੀਵੀ ਅਹੁਰਮਜ਼ਦ ਦੀ ਹੈ। ਅਹੁਰਮਜ਼ਦ ਅਤੇ ਸਪੈਂਟਾ-ਮੈਨਯੂ ਵਿਚ ਫਰਕ ਕੇਵਲ ਇਹ ਹੈ ਕਿ ਐਂਗ੍ਰਮੈਨਯੂ ਵਲੋਂ ਵਿਰੋਧਤਾ ਸਪੈਂਟਾ ਮੈਨਯ ਦੀ ਹੁੰਦੀ ਹੈ। ਪਹਲਵੀ 'ਵਿਸਪੀਰਦ' ਵਿਚ ਲਿਖਿਆ ਹੋਇਆ ਹੈ ਕਿ ਬ੍ਰਹਿਮੰਡ ਦਾ ਚੰਗਾ ਭਾਗ ਸਪੈਂਟਾ-ਮੈਨਯੂ ਦੀ ਸਿਰਜਣਾ ਹੈ। ਬ੍ਰਹਿਮੰਡ ਦਾ ਬੁਰਾ ਭਾਗ ਐਂਗ੍ਰ-ਮੈਨਯੂ ਨੇ ਰਚਿਆ ਹੈ। ਸਪੈਂਟ-ਮੈਨਯੂ ਬੁਰਾਈ ਤੋਂ ਬਚਣ ਲਈ ਲੋਕਾਂ ਦੀ ਮਦਦ ਕਰਦਾ ਹੈ ਇਸ ਲਈ ਭਾਵੇਂ ਸਪੈਂਟ-ਮੈਨਯੂ ਅਹੁਰਮਜ਼ਦ ਵਾਂਗ ਨਾ ਵੀ ਹੋਵੇ ਫਿਰ ਵੀ ਇਹ ਆਪਣੇ ਜ਼ਰੂਰੀ ਗੁਣਾਂ ਵਿਚ ਅਹੁਰਮਜ਼ਦ ਨਾਲ ਮੇਲ ਖਾਂਦਾ ਹੈ।

ਵੋਹੂਮਾਨਹ, ਜਿਸ ਦਾ ਭਾਵ ਚੰਗਾ ਵਿਚਾਰ ਜਾਂ ਮਨ ਹੈ, ਇਕ ਅਮੇਸ਼-ਸਪੈਂਟ ਹੈ ਅਤੇ ਅਹੁਰਮਜ਼ਦ ਦੀ ਸਿਰਜਣਾ ਹੈ। ਸਹੀ ਮਨ ਦਾ ਵਿਕਾਸ ਇਸ 'ਅਮੇਸ਼-ਸਪੈਂਟ' ਕਰਕੇ ਹੀ ਸੰਭਵ ਹੈ। ਵੋਹੂਮਾਨਹ (ਬਹਿਮਾਨ) ਸਾਰੀਆਂ ਜਾਨਦਾਰ ਵਸਤਾਂ ਦੀ ਰਖਵਾਲੀ ਕਰਦਾ ਹੈ। ਵੋਹੂਮਾਨਹ ਨੇ ਹੀ ਜ਼ਰਤੁਸਤ ਨੂੰ ਸਦੀਵੀ ਗਿਆਨ ਦਾ ਚਾਨਣ ਕਰਵਾਇਆ ਅਤੇ ਅਹੁਰਮਜ਼ਦ ਦੇ ਪ੍ਰਕਾਸ਼ ਨੂੰ ਉਸ ਤਕ ਪਹੁੰਚਾਣ ਲਈ ਵਿਚੋਲੇ ਦਾ ਕੰਮ ਨਿਭਾਇਆ। ਪਰਮਾਤਮਾ ਦੀ ਇੱਛਾ ਦਾ ਗਿਆਨ ਚੰਗੇ ਵਿਚਾਰ ਵਿਚ ਹੈ। ਵੋਹੂਮਾਨਹ ਦੀ ਵਿਰੋਧਤਾ ਅਕੋਮਾਨਹ (ਬੁਰਾ-ਵਿਚਾਰ) ਕਰਦਾ ਹੈ।

ਆਸ਼ਾ (Asha) ਬ੍ਰਹਿਮੰਡ ਵਿਚਲੀ ਤਰਤੀਬ ਨੂੰ ਨਿਯਮਿਤ ਕਰਦੀ ਹੈ। ਇਹ ਸਰਵ-ਉੱਚ ਨੈਤਿਕ ਆਚਰਣ ਨਾਲ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਭੌਤਿਕ ਸੰਸਾਰ ਅਤੇ ਇਵੇਂ ਹੀ ਨੈਤਿਕ ਅਤੇ ਰੂਹਾਨੀ ਸੰਸਾਰ ਉੱਤੇ ਨਾ ਬਦਲਣ ਵਾਲੇ ਨਿਯਮ ਲਾਗੂ ਹੁੰਦੇ ਹਨ। ਇਹ ਨਿਯਮ ਪਰਮਾਤਮਾ ਦੀ ਇੱਛਾ ਨੂੰ ਪ੍ਰਗਟ ਕਰਦੇ ਹਨ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਮਿਲਦੀ ਹੈ। ਆਸ਼ਾ ਗ੍ਰੰਥ (ਯਾਸ਼ਤ) ਨੂੰ ਪਾਰਸੀ ਲੋਕ ਬਿਮਾਰੀਆਂ ਦੇ ਇਲਾਜ ਲਈ ਬੜਾ ਉਪਯੋਗੀ ਮੰਨਦੇ ਹਨ। ਸਰੀਰ ਦੀ ਤੰਦਰੁਸਤੀ ਆਤਮਿਕ ਸੰਤੁਲਨ ਲਈ ਜ਼ਰੂਰੀ ਖਿਆਲ ਕੀਤੀ ਜਾਂਦੀ ਹੈ। ਇਸ ਤੋਂ ਆਸ਼ਾ ਦਾ ਮਹੱਤਵ ਸਿੱਧ ਹੋ ਜਾਂਦਾ ਹੈ। 'ਆਸ਼ਾਵਹਿਸ਼ਤ' ਵਿਚ ਪ੍ਰਾਰਥਨਾ ਨੂੰ ਸਭ ਮੰਤਰਾਂ ਤੋਂ ਵਧੀਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਦਸਿਆ ਗਿਆ ਹੈ। ਇਸੇ ਗ੍ਰੰਥ ਵਿਚ ਭਗਤ ਨੂੰ ਆਸ਼ਾ ਰਾਹੀਂ ਅਹੁਰਮਜ਼ਦ ਦੀ ਭਗਤੀ ਕਰਨ ਲਈ ਕਿਹਾ ਗਿਆ। ਇਸ ਅਮੇਸ਼-ਸਪੈਂਟ ਦੀ ਭਗਤੀ ਬਾਕੀ ਅਮੈਸ਼-ਸਪੈਂਟਾਂ ਤੋਂ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਮੰਨੀ ਜਾਂਦੀ ਹੈ।

ਆਸ਼ਾ ਦਾ ਬਾਹਰਲਾ ਚਿੰਨ੍ਹ ਅੰਗ ਹੈ। ਅਗਨੀ ਨੂੰ ਸਭ ਤੋਂ ਪਵਿੱਤਰ ਅਤੇ ਸ਼ੁੱਧ ਤੱਤ ਮੰਨਿਆ ਜਾਂਦਾ ਹੈ। ਰੋਸ਼ਨ ਅਗਨੀ ਇਸ ਅਮੇਸ਼-ਸਪੈਂਟ ਨਾਲ ਸੰਬੰਧਿਤ ਕੀਤੀ ਜਾਂਦੀ ਹੈ।

ਕਸ਼ਾਬ੍ਰ ਜਾਂ ਕਸ਼ਾਬ੍ਰ-ਵੈਰਯ ਸ਼ਕਤੀ ਪਰਮਾਤਮਾ ਦੀ ਇੱਛਾ ਅਨੁਸਾਰ ਸਵਰਗ ਦੀ ਬਾਦਸ਼ਾਹਤ ਦਾ ਅਮੇਸ਼-ਸਪੈਂਟ ਹੈ। ਇਹ ਬ੍ਰਹਿਮੰਡ ਪਰਮਾਤਮਾ ਦੀ ਬਾਦਸ਼ਾਹਤ ਜਾਂ ਸੱਤਾ ਦੇ ਵਿਖਾਵੇ ਲਈ ਰੱਖਿਆ ਗਿਆ ਹੈ। ਕਸ਼ਬ੍ਰ-ਵੈਰਯ ਨੂੰ ਇੱਛਾ ਵਜੋਂ ਸ਼ਾਮਿਲ ਕੀਤੇ ਜਾਣਾ ਪਾਰਸੀਆਂ ਦੀ ਨੈਤਿਕ ਫਿਲਾਸਫੀ ਵਿਚ ਬੜਾ ਮਹੱਤਵ ਰਖਦਾ ਹੈ। ਇਸ ਦਾ ਭਾਵ ਹੈ ਕਿ ਪਰਮਾਤਮਾ ਦੀ ਇੱਛਾ ਇਸ ਸੰਸਾਰ ਤੇ ਰਾਜ ਕਰਦੀ ਹੈ। ਇਸ ਲਈ ਜਦੋਂ ਸਹੀ ਮਾਰਗ ਤੇ ਚਲ ਰਹੇ ਭਗਤ ਦੀ ਇੱਛਾ ਪਰਮਾਤਮਾ ਦੇ ਅਧੀਨ ਹੋ ਜਾਂਦੀ ਹੈ ਤਾਂ ਇਹ ਪਰਮਾਤਮਾ ਦੀ ਇੱਛਾ ਵਾਂਗ ਹੀ ਸ਼ਕਤੀਸ਼ਾਲੀ ਹੋ ਜਾਂਦੀ ਹੈ। ਇਸ ਤਰ੍ਹਾਂ ਮਨ ਅਤੇ ਇੱਛਾ ਉੱਤੇ ਕਾਬੂ ਪਾ ਲੈਣਾ ਬ੍ਰਹਿਮੰਡ ਨੂੰ ਜਿੱਤ ਲੈਣ ਦੇ ਤੁਲ ਹੈ। ਕਸ਼ਬ੍ਰ ਧਾਤਾਂ ਅਤੇ ਖਣਿਜ-ਪਦਾਰਥਾਂ ਉੱਤੇ ਵੀ ਅਧਿਕਾਰ ਰਖਦਾ ਹੈ। ਉਸ ਨੂੰ ਰਹਿਮ ਦਿਲ ਕਿਹਾ ਜਾਂਦਾ ਹੈ ਕਿਉਂਕਿ ਉਹ ਗਰੀਬਾਂ ਨੂੰ ਕੀਮਤੀ ਧਾਤਾਂ ਬਖਸ਼ਦਾ ਹੈ। ਇਸ ਤਰ੍ਹਾਂ ਮਨ ਨੂੰ ਜਿੱਤ ਲੈਣ ਵਾਲਾ ਵਿਅਕਤੀ ਸੰਸਾਰ ਨੂੰ ਜਿੱਤ ਲੈਂਦਾ ਹੈ।

ਅਰਮੈਤੀ ਉਹ ਅਮੇਸ਼-ਸਪੈਂਟ ਹੈ ਜੋ ਪੂਜਾ ਅਤੇ ਨਿਮਰਤਾ ਤੋਂ ਉੱਤੇ ਅਧਿਕਾਰ ਰਖਦਾ ਹੈ। ਕਿਹਾ ਜਾਂਦਾ ਹੈ ਕਿ ਨਿਮਰਤਾ ਤੋਂ ਬਿਨਾਂ ਅਹੁਰਮਜ਼ਦ ਦੇ ਨਿਯਮਾਂ ਦਾ ਪਾਲਣ ਨਹੀਂ ਹੋ ਸਕਦਾ। ਇਹ ਭਗਤੀ ਅਤੇ ਪੂਜਾ ਰਾਹੀਂ ਭਗਤ ਨੂੰ

ਪਰਮਾਤਮਾ ਤਕ ਪੁਜਣ ਵਿਚ ਸਹਾਈ ਹੁੰਦੀ ਹੈ।
ਹੋਰਵਤਾਤ ਪੂਰਨ ਅਤੇ ਅਮੀਰ ਹੈ। ਇਨ੍ਹਾਂ ਦੋਹਾਂ ਦਾ ਹਮੇਸ਼ਾਂ ਸਤਿਕਾਰ ਅਤੇ ਪੂਜਾ ਹੁੰਦੀ ਹੈ।
ਅਹੁਰਮਜ਼ਦ ਦੀ ਪ੍ਰਾਪਤੀ ਸਾਧਨਾਂ ਵਿਚੋਂ ਇਕ ਮਹੱਤਵਪੂਰਨ ਸਾਧਨ ਉਸ ਦੀ ਭਗਤੀ ਅਤੇ ਉਸਦੇ ਨਾਵਾਂ ਦਾ ਜਾਪ ਹੈ। ਇਹ ਕਿਹਾ ਜਾਂਦਾ ਹੈ ਕਿ ਜਦੋਂ ਅਸੀਂ ਸੱਚੇ ਦਿਲੋਂ ਉਸ ਨੂੰ ਯਾਦ ਕਰਦੇ ਹਾਂ ਤਾਂ ਭਗਵਾਨ ਅਹੁਰਮਜ਼ਦ ਭਗਤਾਂ ਦੇ ਮਨ ਵਿਚ ਆ ਦਰਸ਼ਨ ਦਿੰਦਾ ਹੈ। ਸਾਨੂੰ ਕੇਵਲ ਜ਼ਰਤੁਸਤ ਦੇ ਵਚਨਾਂ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਆਸ਼ਾਵਾਦੀ ਢੰਗ ਨਾਲ ਆਤਮਿਕ ਮਾਰਗ ਉਤੇ ਚਲਣਾ ਚਾਹੀਦਾ ਹੈ।
ਕਿਹਾ ਜਾਂਦਾ ਹੈ ਕਿ ਇਹ ਯਤਨ ਅਜਾਈ ਨਹੀਂ ਜਾਂਦਾ। ਅਹੁਰਮਜ਼ਦ ਦੇ ਨਾਂ ਇਸ ਅਵਸਥਾ ਵਿਚ ਭਗਤ ਦੇ ਸਹਾਈ ਅਤੇ ਰਹਿਨੁਮਾ ਸਾਬਤ ਹੁੰਦੇ ਹਨ। 'ਹੌਰਮਾਜ਼ਦ ਯਾਸ਼ਤਾ' ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ''ਸਭ ਤੋਂ ਕਾਮਯਾਬ, ਪ੍ਰਭਾਵਸ਼ਾਲੀ, ਸਿਹਤ ਬਖਸ਼ਣ ਵਾਲਾ ਅਤੇ ਦੈਂਤਾਂ ਅਤੇ ਬੁਰੇ ਵਿਅਕਤੀਆਂ ਦਾ ਨਹਸ਼ ਕਰਨ ਵਾਲਾ'' ਮੰਨਿਆ ਗਿਆ ਹੈ।

### ਅਹੁਨਾਵਰ (ਪ੍ਰਾਰਥਨਾ)

ਅਹੁਰਨਾਵਰ ਇਕ ਛੋਟੀ ਪ੍ਰਾਰਥਨਾ ਹੈ ਜਿਹੜੀ ਪਾਰਸੀ ਇਕ ਦਿਨ ਵਿਚ ਕਈ ਵਾਰੀ ਕਰਦੇ ਹਨ। ਪਵਿੱਤਰ ਕੁਸ਼ਤੀ ਨੂੰ ਬੰਨਣ ਜਾਂ ਖੋਲ੍ਹਣ ਵੇਲੇ ਦਿਨ ਵਿਚ ਹਰ ਵਾਰੀ ਇਹ ਪ੍ਰਾਰਥਾ ਕੀਤੀ ਜਾਂਦੀ ਹੈ। ਇਹ ਧਰਮ-ਗ੍ਰੰਥਾਂ ਦੇ ਪਾਠ ਅਤੇ ਹੋਰਨਾਂ ਪ੍ਰਾਰਥਨਾਵਾਂ ਵੇਲੇ ਵੀ ਪੜ੍ਹੀ ਜਾਂਦੀ ਹੈ। ਇਹ ਇਸ ਧਰਮ ਦੀ ''ਸਭ ਤੋਂ ਜ਼ਰੂਰੀ, ਸਭ ਤੋਂ ਪਵਿੱਤਰ ਅਤੇ ਸਭ ਤੋਂ ਪੁਰਾਤਨ'' ਪ੍ਰਾਰਥਨਾ ਮੰਨੀ ਜਾਂਦੀ ਹੈ। ਜਦੋਂ ਪੂਰੇ ਮਨ ਅਤੇ ਵਿਸ਼ਵਾਸ ਨਾਲ ਇਹ ਪ੍ਰਾਰਥਨਾ ਕੀਤੀ ਜਾਂਦੀ ਹੈ ਤਾਂ ਇਸ ਦੇ ਨਤੀਜੇ ਬਹੁਤ ਅਸਰਦਾਇਕ ਨਿਕਲਦੇ ਹਨ। ਮੁੱਖ ਫਰਿਸ਼ਤਿਆਂ (ਛਬਕਅਵ਼ ਠਕਤ਼ੀਤ) ਨੂੰ ਸਿਰਜਨ ਮਗਰੋਂ ਸਰਵ-ਉੱਚ ਪਰਮਾਤਮਾ ਅਹੁਰਮਜ਼ਦ ਦੁਆਰਾ ਇਹ ਪ੍ਰਾਰਥਨਾ ਉਚਾਰੀ ਗਈ ਖਿਆਲ ਕੀਤੀ ਜਾਂਦੀ ਹੈ।
ਇਹ ਇਕ ਅਜਿਹਾ ਹਥਿਆਰ ਹੈ ਜਿਸ ਨਾਲ ਪਰਮਾਤਮਾ ਇਸ ਧਰਤੀ ਦੇ ਬੁਰੇ ਵਿਅਕਤੀਆਂ ਅਤੇ ਦੈਂਤਾਂ ਨੂੰ ਦੰਡ ਦਿੰਦਾ ਅਤੇ ਨਿਯੰਤ੍ਰਣ ਵਿਚ ਰਖਦਾ ਹੈ। ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਿਰਜਨਾ ਦੇ ਸ਼ੁਰੂ ਵਿਚ ਅਹੁਰਮਜ਼ਦ ਨੇ ਅਹੁਰਮਨ (ਭੈੜੀ ਰੂਹ) ਨਾਲ ਟੱਕਰ ਲੈਣ ਤੋਂ ਸੰਕੋਚ ਕੀਤਾ ਅਤੇ ਉਸ ਨੂੰ ਸ਼ਾਂਤੀ ਨਾਲ ਰਹਿਣ ਲਈ ਕਿਹਾ। ਪਰ ਜਦੋਂ ਅਹੁਰਮਜ਼ਦ ਨੂੰ ਇਹ ਯਕੀਨ ਹੋ ਗਿਆ ਕਿ ਯੁੱਧ ਜ਼ਰੂਰੀ ਸੀ ਤਾਂ ਉਸ ਨੇ ਇਸ ਪ੍ਰਾਰਥਨਾ ਨੂੰ ਉਚਾਰਿਆ। ਇਸ ਪ੍ਰਾਰਥਨਾ ਸਮੇਂ ਪਰਮਾਤਮਾ ਨੇ ਅਹੁਰਮਨ (ਸ਼ੈਤਾਨ ਅਤੇ ਮਾਰੂ ਰੂਹ) ਨੂੰ ਆਪਣੀ ਅੰਤਿਮ ਜਿੱਤ, ਮਾਰੂ ਰੂਹ ਦੀ ਸ਼ਕਤੀ-ਹੀਣਤਾ, ਦੈਂਤਾਂ ਦਾ ਨਾਸ਼ ਅਤੇ ਆਉਣ ਵਾਲੇ ਸਮੇਂ ਵਿਚ ਸਾਰੀ ਸਿਰਜਨਾ ਦਾ ਜ਼ੁਲਮ ਤੋਂ ਛੁਟਕਾਰਾ ਪਾਉਣ ਬਾਰੇ ਜਾਣੂ ਕਰਵਾਇਆ। ਜਦੋਂ ਅਹੁਰਮਨ ਨੇ ਅਹੁਨਾਵਰ ਨੂੰ ਸੁਣਿਆ ਤਾਂ ਉਹ ਮੂਰਛਿਤ ਹੋ ਗਿਆ ਅਤੇ ਤਿੰਨ ਹਜ਼ਾਰ ਸਾਲਾਂ ਲਈ ਘੋਰ ਅੰਧਕਾਰ ਵਾਲੀ ਥਾਂ ਜਾ ਡਿਗਿਆ।

'ਅਹੁਨਾਵਰ', ਦਾ ਇੰਜ ਅਨੁਵਾਦ ਕੀਤਾ ਜਾ ਸਕਦਾ ਹੈ :-

'ਜਿਵੇਂ ਅਹੁਰਮਜ਼ਦ ਦੀ ਇੱਛਾ ਹੈ ਇਵੇਂ ਹੀ ਰੁਹਾਨੀ ਨੇਤਾ ਦੀ ਇੱਛਾ ਹੈ - ਉਸ ਦੀ ਨੇਕੀ ਕਰਕੇ। ਵੋਹੂਮਾਨਹ ਦੀ ਨਜ਼ਰ ਉਨ੍ਹਾਂ ਉੱਤੇ ਹੁੰਦੀ ਹੈ ਜਿਹੜੇ ਇਸ ਸੰਸਾਰ ਵਿਚ ਮਜ਼ਦ; ਜੋ ਗਰੀਬਾਂ (ਜਾਂ ਪਵਿੱਤਰ ਵਿਅਕਤੀਆਂ) ਦੀ ਪਾਲਣਾ ਕਰਦਾ ਹੈ, ਲਈ ਕਾਰਜ ਕਰਦੇ ਹਨ ਅਤੇ ਸੰਸਾਰ ਉੱਤੇ ਅਹੁਰ ਦੀ ਬਾਦਸ਼ਾਹਤ ਪਰਵਾਨ ਕਰਦੇ ਹਨ।'
ਇਸ ਪ੍ਰਾਰਥਨਾ ਅਨੁਸਾਰ ਹਰੇਕ ਪਾਰਸੀ ਨੂੰ ਮਾਨ ਜਾਂ ਆਪਣੀ ਇੱਛਾ ਸੰਬੰਧੀ ਘੁਮੰਡ ਦੀ ਭਾਵਨਾ ਦਾ ਤਿਆਗ ਕਰਨਾ ਪੈਂਦਾ ਹੈ। ਇਸ ਤਰ੍ਹਾਂ ਇਕ ਸੱਚਾ ਪੈਰੋਕਾਰ ਆਪਣੇ ਆਪ ਨੂੰ ਪਰਮਾਤਮਾ ਦੀ ਇੱਛਾ ਦੀ ਸਰਵੋਤਮਤਾ ਅਤੇ ਨਿੱਜੀ ਗੁਮਾਨ ਦੀ ਨਿਰਾਰਥਕਤਾ ਬਾਰੇ ਲਗਾਤਾਰ ਯਾਦ ਕਰਵਾਉਂਦਾ ਰਹਿੰਦਾ ਹੈ।

### ਜਨਮ ਨਾਲ ਸੰਬੰਧਿਤ ਸੰਸਕਾਰ

ਪਾਰਸੀ, ਬੱਚੇ ਦੇ ਜਨਮ ਨੂੰ ਸ਼ੁਭ ਘਟਨਾ ਸਮਝਦੇ ਹਨ। ਸਾਨੂੰ ਮੁਢਲੇ ਪਾਰਸੀਆਂ ਦੀਆਂ ਧਾਰਮਿਕ ਰਸਮਾਂ ਬਾਰੇ ਬਹੁਤ ਕੁਝ ਪਤਾ ਨਹੀਂ। ਪਰ ਮਗਰਲੀਆਂ ਪਹਲਵੀ-ਪਾਰਸੀ ਪੁਸਤਕਾਂ ਵਿਚ ਇਹ ਹਦਾਇਤ ਦਰਜ ਹੈ ਕਿ ਜਦੋਂ ਕੋਈ ਇਸਤਰੀ ਗਰਭਵਤੀ ਹੋ ਜਾਵੇ ਤਾਂ ਘਰ ਵਿਚ ਅਗਨੀ ਬਹੁਤ ਧਿਆਨ ਨਾਲ ਬਲਦੀ ਰਖਣੀ ਚਾਹੀਦੀ ਹੈ। ਵਰਤਮਾਨ ਯੁੱਗ ਦੇ ਪਾਰਸੀ ਪਰਿਵਾਰਾਂ ਵਿਚੋਂ ਬਹੁਤੇ ਗਰਭ ਦੇ ਪੰਜਵੇਂ ਜਾਂ ਸੱਤਵੇਂ ਮਹੀਨੇ ਤੋਂ ਘਿਉ ਦਾ ਦੀਵਾ ਬਾਲ ਕੇ ਰਖਦੇ ਹਨ। ਇੰਜ ਕਰਨ ਨਾਲ ਖਿਆਲ ਕੀਤਾ ਜਾਂਦਾ ਹੈ ਕਿ ਬੁਰੀਆਂ ਰੂਹਾਂ ਘਰ ਤੋਂ ਦੂਰ ਰਹਿੰਦੀਆਂ ਹਨ।

ਕੁਝ ਪਰਿਵਾਰ ਗਰਭ ਦੇ ਦੌਰਾਨ ਪ੍ਰਾਰਥਨਾਵਾਂ ਅਤੇ ਯਾਸ਼ਤਾ ਦਾ ਪਾਠ ਕਰਾਉਂਦੇ ਹਨ। ਅੱਜ ਦੇ ਯੁੱਗ ਦੇ ਪਾਰਸੀ ਗਰਭ ਵੇਲੇ ਕੋਈ ਵਿਸ਼ੇਸ਼ ਰਸਮਾਂ ਕਰਦੇ ਨਜ਼ਰ ਨਹੀਂ ਆਉਂਦੇ। ਪਰ ਪੰਜਵੇਂ ਸਤਵੇਂ ਮਹੀਨੇ ਦੀ ਸਮਾਪਤੀ ਤੇ ਪਰਿਵਾਰ ਕੁੱਝ ਰਸਮਾਂ ਜ਼ਰੂਰ ਕਰਦਾ ਹੈ। ਬੱਚੇ ਦੇ ਜਨਮ ਹੋਣ ਤੇ ਇਕ ਦੀਵਾ ਜਗਾਇਆ ਜਾਂਦਾ ਹੈ ਅਤੇ ਇਹ ਤਿੰਨ ਦਿਨ ਬਲਦਾ ਰਖਿਆ ਜਾਂਦਾ ਹੈ। ਇਕ ਗ੍ਰੰਥ ਵਿਚ ਇਹ ਗੱਲ ਦਰਜ ਹੈ ਕਿ ਦੀਵਾ ਇਸ ਪ੍ਰਕਾਰ ਰਖਿਆ ਜਾਣਾ ਚਾਹੀਦਾ ਹੈ ਕਿ ਇਸਦੇ ਅਤੇ ਨਵੇਂ ਜੰਮੇ ਬੱਚੇ ਵਿਚੋਂ ਕੋਈ ਨਾ ਗੁਜ਼ਰੇ। ਜਨੇਪੇ ਮਗਰੋਂ ਮਾਂ ਨੂੰ 40 ਦਿਨ ਇਕਾਂਤ ਵਿਚ ਰੱਖਿਆ ਜਾਂਦਾ ਹੈ। ਉਸ ਨੂੰ ਲਕੜ ਦੇ ਫਰਨੀਚਰ ਅਤੇ ਸੂਤੀ ਕਪੜੇ ਨਾਲ ਛੂਹਣ ਤੋਂ ਬਚਣ ਲਈ ਵੀ ਕਿਹਾ ਜਾਂਦਾ ਹੈ। ਪਰ ਪਾਬੰਦੀਆਂ ਛੂਤ-ਛਾਤ ਦੇ ਰੋਗਾਂ ਤੋਂ ਬਚਣ ਅਤੇ ਪਵਿੱਤਰਤਾ ਕਾਇਮ ਰਖਣ ਲਈ ਲਾਈਆਂ ਜਾਂਦੀਆਂ ਹਨ। 40 ਦਿਨਾਂ ਮਗਰੋਂ ਇਸਤਰੀ ਨੂੰ ਪਵਿਰਵਾਰ ਦਾ ਪੁਜਾਰੀ ਪਵਿੱਤਰ ਇਸ਼ਨਾਨ ਕਰਵਾਉਂਦਾ ਹੈ। ਪੁਰਾਤਨ ਸਮਿਆਂ ਵਿਚ ਮਾਂ ਅਤੇ ਬੱਚੇ ਹੋਮਾ-ਜੂਸ ਪੀਂਦੇ ਸਨ ਪਰ ਹੁਣ ਖੰਡ ਜਾਂ ਪਤਾਸਿਆਂ ਦਾ ਸ਼ਰਬਤ ਪਿਲਾਇਆ ਜਾਂਦਾ ਹੈ।

**ਦੀਖਿਆ ਦੀ ਰਸਮ**

ਬੱਚੇ ਅਤੇ ਪਰੋਹਿਤ ਦੀ ਦੀਖਿਆ ਦੀ ਰਸਮ ਪਾਰਸੀਆਂ ਦੇ ਧਰਮ ਵਿਚ ਇਕ ਮਹੱਤਵਪੂਰਨ ਸਥਾਨ ਰਖਦੀ ਹੈ। ਬੱਚੇ ਦੀ ਦੀਖਿਆ ਨੂੰ 'ਨਵਜੋਤ' ਕਿਹਾ ਜਾਂਦਾ ਹੈ ਜਦੋਂ ਕਿ ਪੁਰੋਹਿਤ ਦੀ ਦੀਖਿਆ ਦੋ ਰਸਮਾਂ, 'ਨਾਬਰ' ਅਤੇ 'ਮਰਾਤਬ' ਰਾਹੀਂ ਹੁੰਦੀ ਹੈ।

ਨਵਜੋਤ ਰਸਮ ਵਿਚ ਬੱਚਾ ਇਕ ਪਵਿੱਤਰ ਕੁੜਤਾ (ਸੁਦ੍ਰਹ) ਅਤੇ ਕੁਸ਼ਤੀ (Girdle) ਪਹਿਨਦਾ ਹੈ ਜੋ ਉਸ ਨੇ ਜੀਵਨ ਭਰ ਪਹਿਨਣੇ ਹੁੰਦੇ ਹਨ। ਦੀਖਿਆ ਸਮੇਂ ਉਮਰ ਆਮ ਕਰਕੇ ਸੱਤ ਸਾਲ ਹੁੰਦੀ ਹੈ ਅਤੇ ਇਹੋ ਸਮਾਂ ਬੱਚੇ ਦੀ ਪੜ੍ਹਾਈ ਸ਼ੁਰੂ ਕਰਨ ਦਾ ਸਮਝਿਆ ਜਾਂਦਾ ਹੈ। ਦੀਖਿਆ ਪੰਦਰਾਂ ਵਰ੍ਹੇ ਦੀ ਉਮਰ ਤੋਂ ਪਹਿਲਾਂ ਪਹਿਲਾਂ ਹੋ ਜਾਣੀ ਚਾਹੀਦੀ ਹੈ। ਕੁਸ਼ਤੀ ਭੇਡ ਦੀ ਊਨ ਦੀ ਕੁਝ ਵਿਸ਼ੇਸ਼ ਹਦਾਇਤਾਂ ਅਨੁਸਾਰ ਤਿਆਰ ਕੀਤੀ ਜਾਂਦੀ ਹੈ। ਇਹ ਵਿਸ਼ੇਸ਼ ਵੇਰਵੇ ਕਈ ਧਾਰਮਿਕ ਲੱਛਣਾਂ ਦੇ ਪ੍ਰਤੀਕ ਹੁੰਦੇ ਹਨ। ਕੁਸ਼ਤੀ ਹਮੇਸ਼ਾਂ ਪੁਰੋਹਿਤ ਸ਼੍ਰੇਣੀ ਦੀ ਇਕ ਇਸਤਰੀ ਦੁਆਰਾ ਬੁਣੀ ਜਾਂਦੀ ਹੈ ਅਤੇ ਇਸਨੂੰ ਪੁਰਸ਼ ਪੁਰੋਹਿਤ ਦੁਆਰਾ ਕਟਿਆ ਜਾਂਦਾ ਹੈ। 'ਕੁਸ਼ਤੀ' ਦਾ ਮੂਲ ਪੂਰਵ-ਪਾਰਸੀ ਮੰਨਿਆ ਜਾਂਦਾ ਹੈ। ਜ਼ਰਤੁਸਤ ਨੇ ਇਸ ਨੂੰ ਪਰਮਾਤਮਾ ਦੇ ਹੁਕਮ ਦੀ ਪਾਲਣਾ ਦਾ ਚਿੰਨ੍ਹ ਦਸਿਆ ਅਤੇ ਕਿਹਾ ਕਿ ਇਹ ਬੁਰਾਈ ਦੀ ਸ਼ਕਤੀ ਅਤੇ ਪਾਪਾਂ ਦਾ ਨਾਸ਼ ਕਰਦੀ ਹੈ। ਕੁਝ ਸਮਿਆਂ ਨੂੰ ਛੱਡ ਕੇ ਪਵਿੱਤਰ ਕਮੀਜ਼ ਅਤ ਕੁਸ਼ਤੀ ਹਮੇਸ਼ਾ ਪਹਿਨੀ ਜਾਣੀ ਚਾਹੀਦੀ ਹੈ। 'ਨਵਜੋਤ' ਵੀ ਰਸਮ ਤੋਂ ਪਹਿਲਾਂ ਬੱਚੇ ਨੂੰ ਕੁੱਝ ਪ੍ਰਾਰਥਨਾਵਾਂ ਯਾਦ ਕਰਨੀਆਂ ਪੈਂਦੀਆਂ ਹਨ। ਪੁਰੋਹਿਤ ਦੀ ਦੀਖਿਆ ਇਕ ਗੰਭੀਰ ਮਾਮਲਾ ਹੈ ਕਿਉਂ ਜੋ ਇਸ ਲਈ ਕਈ ਸ਼ੁੱਧੀਆਂ ਵਿਚੋਂ ਲੰਘਣਾ ਹੁੰਦਾ ਹੈ। ਪੁਰੋਹਿਤ, ਪੁਰੋਹਿਤ ਬਣਨ ਦੀ ਯੋਗਤਾ ਪ੍ਰਾਪਤ ਕਰਦਾ ਹੈ। ਇਸ ਨਿਯਮ ਵਿਚ ਬਹੁਤ ਹੀ ਘੱਟ ਛੋਟਾਂ ਵੇਖਣ ਵਿਚ ਆਈਆਂ ਹਨ। ਪੂਰਾ ਸਿੱਖਿਅਤ ਪੁਰੋਹਿਤ ਬਣਨ ਲਈ ਦੀਖਿਆ ਦੇ ਦੋ ਪੱਧਰ ਨਿਸ਼ਚਿਤ ਹਨ। 'ਨਾਬਰ' (ਕਈ ਵਾਰੀ 'ਨਾਵਰ' ਜਾਂ 'ਨੰਵਰ' ਵੀ ਲਿਖਿਆ ਜਾਂਦਾ ਹੈ) ਅਤੇ 'ਮਰਾਤਿਬ' ਪੁਰੋਹਿਤਾਂ ਦੀ ਦੀਖਿਆ ਦੇ ਦੋ ਪੱਧਰ ਹਨ।

ਨਾਵਲ, ਜੋ ਦੀਖਿਆ ਦਾ ਪਹਿਲਾ ਦਰਜਾ ਹੈ, ਵਿਚ ਤਿੰਨ ਰਸਮਾਂ ਹੁੰਦੀਆਂ ਹਨ। ਇਹ ਰਸਮਾਂ ਹਨ-ਸ਼ੁੱਧੀ, ਗੇਰਵਾ (6 ਦਿਨਾਂ ਲਈ ਰਸਮੀ ਢੰਗ ਨਾਲ ਯਾਸਨਾ ਦਾ ਪਾਠ) ਅਤੇ ਦੀਖਿਆ। ਪੁਰੋਹਿਤ ਬਣਨ ਵਾਲਾ ਵਿਅਕਤੀ ਕੋਹੜ ਜਾਂ ਕਿਸੇ ਪ੍ਰਕਾਰ ਦੇ ਜ਼ਖਮ ਤੋਂ ਮੁਕਤ ਹੋਣਾ ਚਾਹੀਦਾ ਹੈ। ਇਸ ਦੀ ਪੜਤਾਲ ਲਈ ਉਮੀਦਵਾਰ ਨੂੰ ਉਸਦੇ ਬਸਤਰ ਉਤਾਰ ਕੇ ਪੁਰੋਹਿਤਾਂ ਅਤੇ ਮੁੱਖ-ਪੁਰੋਹਿਤਾਂ ਦੀ ਸਭਾ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਛੇ ਦਿਨਾਂ ਦੇ 'ਗਵੇਰਾ' ਸਮੇ ਂ ਵਿਚ ਉਮੀਦਵਾਰ ਗ਼ੈਰ ਪਾਰਸੀਆਂ ਦੀ ਛੂਹ ਤੋਂ ਦੂਰ ਰਹਿੰਦਾ ਹੈ ਅਤੇ ਧਾਰਮਿਕ ਕਰਤੱਵਾਂ ਦਾ ਪਾਲਣ ਕਰਦਾ ਹੈ। ਸਤਵੇਂ ਦਿਨ ਉਹ ਸਫੈਦ ਬਸਤਰ ਪਹਿਨਦਾ ਹੈ ਅਤੇ ਸੂਤੀ ਕੁਸ਼ਤੀ 'ਪਿਸ਼ੇਰੀ' ਪਹਿਨਦਾ ਹੈ। ਆਰਜ਼ੀ ਪਦ ਅਤੇ ਕਰਤੱਵ ਨਿਭਾ ਦੇ ਚਿੰਨ੍ਹ ਵਜੋਂ ਉਹ ਖੱਬੇ ਹੱਥ ਵਿਚ ਸ਼ਾਲ ਫੜਦਾ ਹੈ। ਸੱਜੇ ਹੱਥ ਵਿਚ ਪਕੜਿਆ ਡੰਡਾ ਸਭ ਤਰ੍ਹਾਂ ਦੀਆਂ ਬੁਰਾਈਆਂ, ਸਰੀਰਕ ਅਤੇ ਨੈਤਿਕ ਦਾ ਮੁਕਾਬਲਾ ਕਰਨ ਦੀ ਦ੍ਰਿੜ੍ਹਤਾ ਦਾ ਪ੍ਰਤੀਕ ਹੈ। ਇਸ ਤੋਂ ਮਗਰੋਂ ਪੁਰੋਹਿਤ ਪਦ ਦਾ ਉਮੀਦਵਾਰ ਮੁੱਖ-ਪੁਰੋਹਿਤ ਅਤੇ ਮਿੱਤਰਾਂ, ਜਿੰਨ੍ਹਾਂ ਵਿਚ ਇਸਤਰੀ ਪੁਰਸ਼ ਦੋਵੇਂ ਹੁੰਦੇ ਹਨ, ਦੁਆਰਾ ਦੀਖਿਆ ਲਈ ਦਾਰੇ ਮਿਹਰ ਅਗਨੀ ਮੰਦਰ ਲਿਜਾਇਆ ਜਾਂਦਾ ਹੈ। ਮੁੱਖ ਰਸਮਾਂ ਵਿਚ ਬੈਠਣ ਵਾਲੇ ਪੁਰੋਹਿਤ ਦੁਆਰਾ ਯਾਸਨਾ ਦਾ ਪਾਠ ਕੀਤਾ ਜਾਣਾ ਸ਼ਾਮਿਲ ਹੈ। ਇਸ ਤੋਂ ਧਰਮ ਗ੍ਰੰਥਾਂ ਉਤੇ ਉਸ ਦੀ ਮੁਹਾਰਤ ਦਾ ਪਤਾ ਚਲਦਾ ਹੈ ਜੋ ਉਸ ਦੇ ਕਰਤੱਵ ਨਿਭਾਉਣ ਲਈ ਜ਼ਰੂਰੀ ਹੈ। ਉਸ ਨੂੰ ਪਰਦਾ ਭੀ ਪਹਿਨਾਇਆ ਜਾਂਦਾ ਹੈ ਜਿਹੜਾ ਉਹ ਮਗਰੋਂ ਪਵਿੱਤਰ

ਅਗਨੀ ਨੂੰ ਆਪਣੇ ਸਾਹ ਰਾਹੀਂ ਦਰੁਗੰਧਿਤ ਬਣਾਉਣ ਤੋਂ ਰੋਕਣ ਲਈ ਵਰਤਦਾ ਹੈ।

ਫਿਰ ਅੰਤਿਮ ਦੀਖਿਆ ਦੇਣ ਲਈ ਮੁੱਖ ਪੁਰੋਹਿਤਾਂ ਅਤੇ ਵੱਡੇਰਿਆਂ ਦੀ ਆਗਿਆ ਮੰਗਦਾ ਹੈ। ਹਾਜ਼ਰ ਵਿਅਕਤੀਆਂ ਦੀ ਚੁਪ ਮਨਜ਼ੂਰੀ ਸਮਝੀ ਜਾਂਦੀ ਹੈ ਅਤੇ ਮੁੱਖ ਪਾਦਰੀ ਇਸ ਤੱਥ ਦੀ ਪੁਸ਼ਟੀ ਲਈ ਆਪਣੇ ਦੋਹਾਂ ਹੱਥਾਂ ਨਾਲ ਇਸ਼ਾਰਾ ਕਰਦਾ ਹੈ। ਅਗਲੇ ਚਾਰ ਦਿਨ ਉਮੀਦਵਾਰ ਮੰਦਰ ਵਿਚ ਧਰਮ-ਗ੍ਰੰਥਾਂ ਦੇ ਪਾਠ ਕਰਨ ਵਿਚ ਬਤੀਤ ਕਰਦਾ ਹੈ। ਉਹ ਦਿਨ ਵਿਚ ਕੇਵਲ ਇਕ ਵਾਰ ਹੀ ਖਾਣਾ ਖਾਂਦਾ ਹੈ। ਚੌਥੇ ਦਿਨ ਉਹ ਅਹੁਰਮਜ਼ਦ ਦੇ ਸਤਿਕਾਰ ਵਿਚ ਨਿਯਤ ਗ੍ਰੰਥਾਂ ਵਿਚੋਂ ਪਾਠ ਕਰਦਾ ਹੈ ਅਤੇ ਇਸ ਤਰ੍ਹਾਂ ਉਸ ਦੀ ਦੀਖਿਆ ਮੁਕੰਮਲ ਹੁੰਦੀ ਹੈ। 'ਨਾਬਰ' ਦੀਖਿਆ ਨੂੰ ਸਫਲਤਾ ਪੂਰਵਕ ਸੰਪੂਰਣ ਕਰ ਲੈਣ ਵਾਲੇ ਪੁਰੋਹਿਤ ਨੂੰ 'ਹਰਬਦ' ਭਾਵ ਅਧਿਆਪਕ ਕਿਹਾ ਜਾਂਦਾ ਹੈ। ਫਿਰ ਉਹ ਨਵਜੋਤ ਅਤੇ ਵਿਆਹ ਦੀਆਂ ਰਸਮਾਂ ਕਰ ਸਕਣ ਦੇ ਸਮਰੱਥ ਹੋ ਜਾਂਦਾ ਹੈ। ਪਰ ਉਸਨੂੰ ਯਾਸਨਾ, ਵੈਂਦੀਦਾਦ ਵਿਚੋਂ ਕੁਝ ਰਸਮਾਂ ਕਰਨ ਦੀ ਆਗਿਆ ਨਹੀਂ ਹੁੰਦੀ। ਇਨ੍ਹਾਂ ਰਸਮਾਂ ਨੂੰ ਕਰ ਸਕਣ ਦੇ ਯੋਗ ਹੋਣ ਲਈ ਉਸ ਨੂੰ ਉਚੇਰੀ ਦੀਖਿਆ, ਜਿਸ ਨੂੰ 'ਮਰਾਬਿਤ' ਕਿਹਾ ਜਾਂਦਾ ਹੈ, ਲੈਣੀ ਪੈਂਦੀ ਹੈ। 'ਨਾਬਰ' ਦੀਖਿਆ ਇਕ ਪ੍ਰਕਾਰ ਦੀ ਪਹਿਲੀ ਪਰੀਖਿਆ ਹੈ। ਇਸ ਤੋਂ ਉਮੀਦਵਾਰ ਦੀ ਆਪਾ-ਵਾਰੂ ਅਤੇ ਆਪਾ-ਤਿਆਗ ਦੀ ਰੁਚੀ ਦਾ ਪਤਾ ਲੱਗ ਜਾਂਦਾ ਹੈ। ਦੂਜੀ ਅਤੇ ਉਚੇਰੀ ਰਸਮ, 'ਮਰਾਬਿਤ' ਲਈ ਦਸ ਦਿਨ ਸ਼ੁਧਤਾ ਦੀਆਂ ਰਸਮਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਇਸ ਸਮੇਂ ਦੇ ਦੌਰਾਨ ਅਵੇਸਤਾ ਦੇ ਵੱਖ-ਵੱਖ ਗ੍ਰੰਥਾਂ ਦਾ ਪਾਠ ਕਰਨਾ ਪੈਂਦਾ ਹੈ। ਮਰਾਤਿਬ ਰਸਮ ਕਾਮਾਬੀ ਨਾਲ ਕਰ ਸਕਣ ਮਗਰੋਂ ਪੁਰੋਹਿਤ ਨੂੰ ਮੋਬਦ (Mobad) ਕਿਹਾ ਜਾਂਦਾ ਹੈ।

**ਤਿਉਹਾਰ**

ਪਾਰਸੀਆਂ ਦੇ ਮੁੱਖ ਧਾਰਮਿਕ ਤਿਉਹਾਰ ਨੌਰੋਜ਼ (ਨਵੇਂ ਸਾਲ ਦਾ ਦਿਨ), ਮਿਥ੍ਰ ਦੇਵਤੇ ਦੇ ਦਿਨ (Equinoxes denoted to Mithra) ਮੌਸਮ ਦੀ ਤਬਦੀਲੀ ਦੇ ਦਿਨ, ਮੋਇਆਂ ਦੇ ਦਿਨ, (ਸਾਲ ਦੇ ਅਖੀਰ ਵਿਚ) ਨਵੇਂ ਚੰਨ ਅਤੇ ਪੂਰਨਮਾਸ਼ੀ ਦੇ ਦਿਨ ਹਨ। ਇਹ ਹੋਰਨਾਂ ਚੀਜ਼ਾਂ ਤੋਂ ਇਲਾਵਾ ਰੋਟੀ ਅਤੇ ਦੁੱਧ ਭੇਟ ਕਰਕੇ ਮਨਾਏ ਜਾਂਦੇ ਹਨ।

**ਮੌਤ ਦੀਆਂ ਰਸਮਾਂ ਅਤੇ ਮੁਰਦਿਆਂ ਦਾ ਕਿਰਿਆ-ਕਰਮ**

ਪਾਰਸੀ ਮੌਤ ਨੂੰ ਧਾਰਮਿਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਮੰਨਦੇ ਹਨ। ਜਦੋਂ ਮੌਤ ਸਾਹਮਣੇ ਨਜ਼ਰ ਆਵੇ ਤਾਂ ਇਕ ਜਾਂ ਦੋ ਪੁਰੋਹਿਤ ਬੁਲਾਏ ਜਾਂਦੇ ਹਨ ਤਾਂ ਜੋ ਮਰਨ ਵਾਲਾ ਆਪਣੇ ਪਾਪਾਂ ਦਾ ਪਸ਼ਚਾਤਾਪ ਕਰ ਸਕੇ। ਦਰਅਸਲ ਪਾਪਾਂ ਦੇ ਇਕਬਾਲ ਦਾ, ਜਿਸ ਨੂੰ 'ਪਤੇਤ' ਕਿਹਾ ਜਾਂਦਾ ਹੈ ਪਾਠ ਕੀਤਾ ਜਾਂਦਾ ਹੈ। ਇਸ ਰਸਮ ਨੂੰ ਬਹੁਤ ਧਾਰਮਿਕ ਕਰਤੱਵ ਕਿਹਾ ਜਾਂਦਾ ਹੈ। ਜੇਕਰ ਮਰ ਰਿਹਾ ਵਿਅਕਤੀ ਖੁਦ ਆਪ ਵੀ ਆਪਣੇ ਪਾਪਾਂ ਦਾ ਇਕਬਾਲ ਕਰਦਾ ਹੋਇਆ ਇਸ ਰਸਮ ਵਿਚ ਸ਼ਾਮਿਲ ਹੋ ਸਕੇ ਤਾਂ ਬਹੁਤ ਸ਼ੁਭ ਹੈ। ਇਕ ਵਾਰੀ ਮਰ ਰਹੇ ਵਿਅਕਤੀ ਦੇ ਮੂੰਹ ਵਿਚ ਪਵਿੱਤਰ ਹੋਮ-ਜੂਸ ਦੇ ਕੁਝ ਤੁਪਕੇ ਇਸ ਵਿਸ਼ਵਾਸ ਨਾਲ ਪਾਏ ਜਾਂਦੇ ਹਨ ਕਿ ਇਸ ਨਾਲ ਉਹ ਅਮਰ ਹੋ ਜਾਂਦਾ ਹੈ। ਪਵਿੱਤਰ ਕੀਤੇ ਗਏ ਅਨਾਰ ਦੇ ਕੁਝ ਦਾਣੇ ਵੀ ਮਰ ਰਹੇ ਵਿਅਕਤੀ ਦੇ ਮੂੰਹ ਵਿਚ ਪਾਏ ਜਾਂਦੇ ਹਨ।

ਮੁਰਦਾ ਸਰੀਰ ਨੂੰ ਬਹੁਤ ਗੰਦੀ ਸ਼ੈਅ ਸਮਝਿਆ ਜਾਂਦਾ ਹੈ। ਇਹੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉੱਤਰ ਵਲੋਂ ਮੌਤ ਦੇ ਦੈਂਤ ਨੇ ਇਸ ਤੇ ਹਮਲਾ ਕੀਤਾ ਹੈ। ਅਧਿਕ੍ਰਿਤ ਵਿਅਕਤੀਆਂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਮੁਰਦੇ ਨੂੰ ਛੂਹਣ ਨਹੀਂ ਦਿੱਤਾ ਜਾਂਦਾ ਕਿਉਂਜੋ ਛੂਹਣ ਨਾਲ ਖੁਦ ਅਪਵਿੱਤਰ ਹੋ ਜਾਈਦਾ ਹੈ। ਮੁਰਦੇ ਦਾ ਅੰਤਿਮ ਨਿਪਟਾਰਾ ਕਰਨ ਤੋਂ ਪਹਿਲਾਂ ਇਕ ਕੁੱਤਾ ਖਾਸ ਕਰਕੇ ਚਾਰ-ਅੱਖਾਂ ਵਾਲਾ.....ਭਾਵ ਜਿਸ ਦੀਆਂ ਅੱਖਾਂ ਉੱਤੇ ਦੋ ਡੱਬ ਹੋਣ, ਮੁਰਦੇ ਦੇ ਨੇੜੇ ਲਿਆਇਆ ਜਾਂਦਾ ਹੈ ਤਾਂ ਜੋ ਉਹ ਮੌਤ ਦੇ ਦੈਂਤ ਨੂੰ ਡਰਾਏ। ਇਸ ਤੋਂ ਇਸ ਵਿਸ਼ਵਾਸ ਦਾ ਸੰਕੇਤ ਮਿਲਦਾ ਹੈ ਕਿ ਕੁੱਤਾ ਮੌਤ ਦੇ ਦੈਂਤ ਨੂੰ ਵੇਖ ਸਕਦਾ ਹੈ। ਜੇਕਰ ਕੁੱਤਾ ਨਾ ਮਿਲ ਸਕੇ ਤਾਂ ਮਾਸਖੋਰ ਜਾਨਵਰ, ਖਾਸ ਕਰਕੇ ਗਿੱਧ ਦੀ ਨਜ਼ਰ ਹੀ ਇਸ ਮੰਤਵ ਲਈ ਚੰਗੀ ਸਮਝੀ ਜਾਂਦੀ ਹੈ।

ਕੁੱਤੇ ਵਲੋਂ ਮੁਰਦੇ ਉੱਤੇ ਨਜ਼ਰ ਸੁੱਟ ਲੈਣ ਮਗਰੋਂ ਦੈਂਤ-ਮਾਰੂ ਅਗਨੀ ਲਿਆਈ ਜਾਂਦੀ ਹੈ ਅਤੇ ਇਸ ਵਿਚ ਸੰਦਲ ਦੀ ਲਕੜ ਅਤੇ ਹੋਰ ਸੁਗੰਧੀਆਂ ਪਾਈਆਂ ਜਾਂਦੀਆਂ ਹਨ। ਇਸ ਸਮੇਂ ਦੌਰਾਨ ਪਵਿੱਤ੍ਰ ਅਵੇਸਤਾ ਦਾ ਪਾਠ ਕਰਦਾ ਹੈ। ਮੁਰਦੇ ਨੂੰ ਘਰ ਵਿਚੋਂ ਦੀਵਾਰ ਵਿਚ ਇਕ ਵਿਸ਼ੇਸ਼ ਪਾੜ ਲਾ ਕੇ ਬਾਹਰ ਕਢਿਆ ਜਾਂਦਾ ਹੈ। ਮਾਤਮੀ ਜਲੂਸ ਵਿਚ ਦੋ ਪੁਰੋਹਿਤ ਜਲੂਸ ਦੇ ਅੱਗੇ ਮੁਰਦੇ ਤੋਂ 30 ਕਦਮ ਅਗੇਰੇ ਹੋ ਕੇ ਤੁਰਦੇ ਹਨ। ਉਨ੍ਹਾਂ ਦੇ ਨਾਲ ਰਿਸ਼ਤੇਦਾਰ ਅਤੇ ਸਨੇ ਹੀ ਸਫੈਦ ਬਸਤਰ ਪਹਿਨਕੇ ਤੁਰਦੇ ਹਨ।

ਦੂਜੇ ਧਰਮਾਂ ਤੇ ਪਾਰਸੀਆਂ ਨੂੰ ਵੱਖ ਕਰਨ ਵਾਲੀ ਇਕ ਵਿਸ਼ੇਸ਼ ਰਮਸ ਮੁਰਦੇ ਦੇ ਨਿਪਟਾਰੇ ਸੰਬੰਧੀ ਹੈ। ਇਹ ਰਸਮ ਇਸ ਵਿਸ਼ਵਾਸ ਉੱਤੇ ਆਧਾਰਿਤ ਹੈ ਕਿ ਮਿੱਟੀ ਅਤੇ ਪਾਣੀ ਮੁਰਦੇ ਦੇ ਮਾਸ ਨਾਲ ਦੁਰਗੰਧਤ ਨਹੀਂ ਕੀਤੇ ਜਾਣੇ ਚਾਹੀਦੇ। ਮੁਰਦੇ ਦੇ ਨਿਪਟਾਰੇ ਲਈ ਬਣਾਇਆ ਗਿਆ ਸਾਧਨ, ਜਿਸ ਨੂੰ 'ਦੱਖਮ' ਜਾਂ 'ਟਾਵਰ ਆਫ ਸਾਈਲੈਂਸ' ਕਿਹਾ ਜਾਂਦਾ ਹੈ, ਪੱਥਰ ਦੇ ਫਰਸ਼ ਅਤੇ ਪੱਥਰ ਜਾਂ ਇੱਟਾਂ ਦੀਆਂ ਗੋਲ ਕੰਧਾਂ ਦਾ ਉਸਾਰਿਆ ਗਿਆ ਹੁੰਦਾ ਹੈ। ਆਦਮੀਆਂ, ਔਰਤਾਂ ਅਤੇ ਬੱਚਿਆਂ ਲਈ ਵੱਖ-ਵੱਖ ਤਿਆਰ ਹੁੰਦੇ ਹਨ। ਟਾਵਰ ਆਫ ਸਾਈਲੈਂਸ ਦੀ ਉਸਾਰੀ ਸਮੇਂ ਕਈ ਰਸਮਾਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਥਾਵਾਂ ਤੇ ਜਿੱਥੇ ਪਾਰਸੀਆਂ ਦੀ ਗਿਣਤੀ ਥੋੜ੍ਹੀ ਹੈ, ਮੁਰਦੇ ਸਰੀਰਾਂ ਨੂੰ ਸਿੱਕੇ (Lead) ਦੇ ਕਥਨਾਂ ਵਿਚ ਜਾਂ ਜ਼ਮੀਨ ਹੇਠ ਪੱਥਰ ਦੇ ਟੋਇਆਂ ਵਿਚ ਦਫਨ ਕੀਤਾ ਜਾਂਦਾ ਹੈ।
ਮ੍ਰਿਤਕ ਸਰੀਰ ਦਖਮ ਵਿਚ ਲਿਜਾ ਕੇ ਟੋਏ ਵਿਚ ਰੱਖ ਦਿੱਤਾ ਜਾਂਦਾ ਹੈ। ਜਦੋਂ ਮੁਰਦੇ ਨੂੰ ਉੱਥੇ ਲਿਆਉਣ ਵਾਲੇ ਵਿਅਕਤੀ ਉਥੋਂ ਚਲੇ ਜਾਂਦੇ ਹਨ ਤਾਂ ਕੰਧਾਂ ਉੱਤੇ ਬੈਠੀਆਂ ਗਿੱਧਾਂ ਆ ਝੁਰਮਟ ਪਾਉਂਦੀਆਂ ਹਨ ਅਤੇ ਥੋੜ੍ਹੇ ਸਮੇਂ ਵਿਚ ਹੀ ਸਾਰਾ ਮਾਸ ਖਾਅ ਜਾਂਦੀਆਂ ਹਨ। ਕੁਝ ਦਿਨਾਂ ਮਗਰੋਂ ਸੇਵਾਦਾਰ ਟਾਵਰ ਵਿਚ ਵੜਦੇ ਹਨ ਅਤੇ ਸੁਕੇ ਪਿੰਜਰ ਨੂੰ 'ਟਾਵਰ ਆਫ ਸਾਈਲੈਂਸ' ਵਿਚਲੇ ਖੂਹ ਵਿਚ ਸੁੱਟ ਦਿੰਦੇ ਹਨ।

**ਮੌਤ ਮਗਰੋਂ**

ਮੌਤ ਮਗਰੋਂ ਕੀ ਵਾਪਰਦਾ ਹੈ। ਇਸ ਪ੍ਰਸ਼ਨ ਦਾ ਹੁਣ ਉੱਤਰ ਦਿੱਤਾ ਜਾਵੇਗਾ। ਪਾਰਸੀਆਂ ਦੇ ਵਿਸ਼ਵਾਸ ਅਨੁਸਾਰ ਆਤਮਾ ਤਿੰਨ ਦਿਨ ਆਪਣੇ ਘਰ ਦੇ ਦੁਆਲੇ ਚੱਕਰ ਲਾਉਂਦੀ ਰਹਿੰਦੀ ਹੈ ਅਤੇ ਉਸ ਦਿਨ ਮਗਰੋਂ ਨਿਰਣੇ (Judgement) ਲਈ ਉੱਠ ਜਾਂਦੀ ਹੈ। ਮਨੁੱਖ ਆਪਣੇ ਨਾਲ ਚੰਗੇ-ਬੁਰੇ ਵਿਚਾਰ ਅਤੇ ਕੰਮ ਲੈ ਜਾਂਦਾ ਹੈ। ਮੌਤ ਦੇ ਚੌਥੇ ਦਿਨ ਸਵੇਰੇ ਵੇਲੇ ਆਤਮਾ ਉਸ ਥਾਂ ਪਹੁੰਚ ਜਾਂਦੀ ਹੈ ਜੋ ਅਦਿੱਖ ਸੰਸਾਰ ਨਾਲ ਨਰਕ ਦੀ ਖਾਈ ਉੱਤੇ ਇਕ ਪੁਲ ਨਾਲ ਜੁੜੀ ਹੋਈ ਹੈ। ਇਸ ਪਲ ਨੂੰ ਚਿਨਵਤ ਪੁਲ (Chinvet Bridge) ਕਿਹਾ ਜਾਂਦਾ ਹੈ। ਇਸ ਥਾਂ ਉੱਤੇ ਮਨੁੱਖ ਦੇ ਗੁਣ ਅਤੇ ਔਗੁਣਾਂ ਦਾ ਜਾਇਜ਼ਾ ਲਿਆ ਜਾਂਦਾ ਹੈ। ਜੇਕਰ ਗੁਣਾਂ (ਨੇਕੀ) ਦਾ ਪਲੜਾ ਭਾਰੀ ਹੋਵੇ ਤਾਂ ਪੁਲ ਦਾ ਚੌੜਾਈ ਵਾਲਾ ਪਾਸਾ ਸਾਹਮਣੇ ਨਜ਼ਰ ਆਉਂਦਾ ਹੈ ਅਤੇ ਆਤਮਾ ਇਸ ਤੋਂ ਸਹਿਜੇ ਹੀ ਪਾਰ ਹੋ ਸਕਦੀ ਹੈ ਪਰ ਜੇਕਰ ਪਾਪਾਂ ਦਾ ਪਲੜਾ ਭਾਰੀ ਹੋਵੇ ਤਾਂ ਪੁਲ ਉਸਤਰੇ ਦੀ ਧਾਰ ਵਾਂਗ ਤੇਜ਼ ਨਜ਼ਰ ਆਉਂਦਾ ਹੈ ਅਤੇ ਆਤਮਾ ਇਸ ਨੂੰ ਪਾਰ ਕਰਦੇ ਸਮੇਂ ਕੱਟੀ ਜਾਂਦੀ ਹੈ ਅਤੇ ਹੇਠਾਂ ਖਾਈ ਵਿਚ ਡਿੱਗ ਪੈਂਦੀ ਹੈ।
ਇਹ ਕਿਹਾ ਜਾਂਦਾ ਹੈ ਕਿ ਨੇਕ ਪੁਰਸ਼ ਦੀ ਆਤਮਾ ਸਵਰਗ ਨੂੰ ਜਾਂਦੀ ਹੈ। ਉਥੇ ਰੂਹਾਂ ਉਸ ਦੀ ਉਡੀਕ ਕਰਦੀਆਂ ਹਨ। ਸਵਰਗ ਨੂੰ ਗੀਤਾ ਦਾ ਘਰ, ਸਦੀਵੀ ਰੌਸ਼ਨ. ਦਾ ਘਰ ਅਤੇ ਵੋਹਮਨਹ ਦਾ ਪਿਆਰ ਨਿਵਾਸ ਕਿਹਾ ਗਿਆ ਹੈ। ਇਥੇ ਆਤਮਾ ਸੋਨੇ ਦੇ ਗਲੀਚਿਆਂ ਉੱਤੇ ਆਰਾਮ ਕਰਦੀ ਹੈ।
ਸਾਧਾਰਨ ਪੁਨਰ ਸੁਰਜੀਤੀ (General Resurrection) ਦਾ ਵਿਚਾਰ ਵੀ ਵੇਖਣ ਵਿਚ ਆਇਆ ਹੈ ਜਦੋਂ ਅਗਨੀ ਅਤੇ ਢਲਿਆ ਹੋਇਆ ਸਿੱਕਾ ਅੰਤ ਨੂੰ ਬੁਰਾਈ ਉੱਤੇ ਵਿਜੈ ਪ੍ਰਾਪਤ ਕਰ ਲੈਣਗੇ। ਇਸ ਤੋਂ ਮਗਰੋਂ ਸਾਰੀ ਬੁਰਾਈ ਜਿਸ ਵਿਚ ਐਂਗ੍ਰ ਮੈਨਯੂ ਵੀ ਸ਼ਾਮਿਲ ਹੈ, ਪੂਰੀ ਤਰ੍ਹਾਂ ਤਬਾਹ ਹੋ ਜਾਵੇਗੀ ਜਾਂ ਨਰਕ ਦੀ ਕੁੰਡੀ ਵਿਚ ਗਰਕ ਹੋ ਜਾਵੇਗੀ।

**ਮੈਜਾਈ (The Magai)**

ਪਾਰਸੀ ਧਰਮ ਦੇ ਪੁਰੋਹਿਤਾਂ ਅਤੇ ਪ੍ਰਚਾਰਕਾਂ ਦੇ ਨਾਲ-ਨਾਲ 'ਮੈਜਾਈ' ਇਸ ਧਰਮ ਦੇ ਇਤਿਹਾਸਕ ਅਧਿਐਨ ਦਾ ਇਕ ਜ਼ਰੂਰੀ ਅੰਗ ਹਨ। ਪਰ ਇਥੇ ਇਕ ਗੱਲ ਭੀ ਦੱਸਣੀ ਜ਼ਰੂਰੀ ਹੈ ਕਿ ਸਾਨੂੰ ਇਸ ਗੱਲ ਦਾ ਪਤਾ ਨਹੀਂ ਕਿ ਮੈਜਾਈ ਮੂਲ ਰੂਪ ਵਿਚ ਕਿਹੜੇ ਲੋਕ ਸਨ। ਮੀਡੀਆ (Media) ਅਤੇ ਈਰਾਨ ਦੇ ਕੁਝ ਭਾਗਾਂ ਵਿਚ ਉਹ ਪੁਰੋਹਿਤ ਸ਼੍ਰੇਣੀ ਵਜੋਂ ਜਾਣੇ ਜਾਂਦੇ ਸਨ। ਗ਼ੈਰ-ਈਰਾਨੀ ਦੇਸ਼ਾਂ ਜਿਵੇਂ ਕਿ ਅਰਬ-ਈਥੋਪੀਆ ਅਤੇ ਮਿਸਰ ਵਿਚ ਭੀ ਉਨ੍ਹਾਂ ਬਾਰੇ ਲੋਕਾਂ ਨੂੰ ਪਤਾ ਸੀ। ਉਨ੍ਹਾਂ ਦਾ ਪ੍ਰਭਾਵ ਸਾਰੇ ਏਸ਼ੀਆ ਮਾਈਨਰ ਵਿਚ ਫੈਲ ਚੁੱਕਾ ਸੀ।
ਇਹ ਕਿਹਾ ਜਾਂਦਾ ਹੈ ਕਿ ਪੁਰੋਹਿਤ ਸ਼੍ਰੇਣੀ ਦੇ ਤੌਰ ਤੇ ਮੈਜਾਈਆਂ ਨੇ ਪਹਿਲੋਂ ਪਹਿਲ ਪਾਰਸੀ ਧਰਮ ਦੀ ਵਿਰੋਧਤਾ ਕੀਤੀ ਪਰ ਉਹ ਛੇਤੀ ਹੀ ਇਸ ਨਵੇਂ ਧਰਮ ਦੇ ਕਾਇਲ ਹੋ ਗਏ ਅਤੇ ਇਸ ਨੂੰ ਦੂਰ ਦੂਰ ਤੱਕ ਫੈਲਾਉਣ ਵਿਚ ਸਹਾਈ ਹੋਏ। ਕੁਝ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਮੈਜਾਈ ਜ਼ਰਤੁਸਤ ਦੇ ਮੁੱਢਲੇ ਪੈਰੋਕਾਰ ਸਨ। ਪਰ ਇਕ ਗੱਲ ਨੂੰ ਹੋਰ ਕਈ ਵਿਦਵਾਨ ਨਹੀਂ ਮੰਨਦੇ। ਇਸ ਦੀ ਬਜਾਏ ਇਹ ਸੁਝਾਉ ਦਿੱਤਾ ਗਿਆ ਹੈ ਕਿ ਮੈਜਾਈ ਖ਼ਾਨਦਾਨੀ

ਪੁਰੋਹਿਤ ਦੀ ਇਕ ਸ੍ਰੇਣੀ ਸੀ ਜਿਨ੍ਹਾਂ ਨੂੰ ਮੁਸਲਮਾਨਾਂ ਦੀ ਜਿੱਤ ਤੋਂ ਪਹਿਲਾਂ ਈਰਾਨ ਦੇ ਰਾਸ਼ਟਰੀ ਧਰਮ ਦੀ ਜ਼ਿੰਮੇਵਾਰੀ ਸੰਭਾਲ ਗਈ ਸੀ।

ਜ਼ਰਤੁਸਤ ਨੇ ਆਪਣਾ ਧਾਰਮਿਕ ਪ੍ਰਚਾਰ ਪੂਰਬੀ ਈਰਾਨ ਤੱਕ ਸੀਮਿਤ ਰਖਿਆ ਸੀ, ਫਾਰਸ (Persian) ਦੇ ਪੱਛਮੀ ਅੱਧੇ ਹਿੱਸੇ ਵਿਚ ਇਸ ਧਰਮ ਨੂੰ ਫੈਲਾਉਣ ਦਾ ਕਾਰਜ ਮੈਜਾਈ ਲੋਕਾਂ ਨੇ ਨੇਪਰੇ ਚੜਾਇਆ। ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਮੁੱਢਲੇ ਐਕੇਮੈਨੀਅਨ ਯੁੱਗ (Achaemenian period) ਵਿਚ ਮੈਜਾਈ ਪੱਛਮ ਵਿਚ ਪਾਰਸੀ ਧਰਮ ਉੱਤੇ ਹੋ ਗਏ। ਸਸੈਨੀਅਨ (Sassanian dynasty) ਦੇ ਰਾਜ ਵੇਲੇ ਸਲਤਨਤ ਦੇ ਕਾਰਜਾਂ ਦੀ ਦੇਖਭਾਲ ਮੈਜਾਈਆਂ ਦੇ ਹਿੱਸੇ ਆਈ।

ਮੈਜਾਈਆਂ ਨੇ ਪਾਰਸੀ ਧਰਮ ਵਿਚ ਤਿੰਨ ਨਵੇਂ ਤੱਤ ਪ੍ਰਵੇਸ਼ ਕੀਤੇ। ਇਨ੍ਹਾਂ ਵਿਚ ਮੁਰਦੇ ਨੂੰ ਗਿੱਧਾਂ ਅਤੇ ਕੁੱਤਿਆਂ ਦੇ ਖਾਣ ਲਈ ਨੰਗਾ ਰੱਖਣਾ, ਵਰਜਿਤ ਵਿਆਹਾਂ ਦੀ ਪ੍ਰਥਾ ਅਤੇ ਜਾਨਵਰਾਂ ਸੰਬੰਧੀ ਵਦੈਤਵਾਦੀ ਦ੍ਰਿਸ਼ਟੀਕੋਣ ਦਾ ਅਪਨਾਉਣਾ ਸ਼ਾਮਿਲ ਹਨ। ਇਸ ਅੰਤਮ ਵਿਸ਼ਵਾਸ ਦੇ ਆਧਾਰ ਤੇ ਉਹ ਪਸ਼ੂਆਂ ਨੂੰ ਚੰਗੀਆਂ ਅਤੇ ਬੁਰੀਆਂ ਸ਼ਰੇਣੀਆਂ ਵਿਚ ਵੰਡਦੇ ਹਨ। ਇਸ ਲਈ ਮੈਜਾਈ ਸੱਪਾਂ, ਡੱਡੂਆਂ ਆਦਿ ਦੇ ਮਾਰਨੇ ਨੂੰ ਧਾਰਮਿਕ ਪੱਖੋਂ ਚੰਗਾ ਸਮਝਦੇ ਹਨ। ਇਹ ਮੈਜਾਈ ਉਹ ਲੋਕ ਹਨ ਜਿਨ੍ਹਾਂ ਨੂੰ ਪੂਰਬ ਦੇ ਸਿਆਣੇ ਪੁਰਸ਼ ਕਿਹਾ ਗਿਆ ਹੈ ਅਤੇ ਜਿਨ੍ਹਾਂ ਈਸਾ ਦੇ ਜਨਮ ਦੀ ਭਵਿੱਸ਼ਬਾਣੀ ਕੀਤੀ। ਈਸਾਈ ਲੋਕ ਕ੍ਰਿਸਮਿਸ ਦੇ ਦੌਰਾਨ ਹਰ ਸਾਲ ਇਸ ਘਟਨਾ ਨੂੰ ਯਾਦ ਕਰਦੇ ਹਨ।

**ਫ੍ਰਾਵਸ਼ੀ (Fravashi)**

ਪਾਰਸੀ ਧਾਰਮਿਕ ਪਰੰਪਰਾ ਵਿਚ ਫ੍ਰਾਵਸ਼ੀ ਵਿਚ ਵਿਸ਼ਵਾਸ ਇਕ ਮਹੱਤਵਪੂਰਣ ਤੱਤ ਹੈ। ਇਸ ਨੂੰ ਰੂਹਾਨੀ ਵਿਅਕਤੀ ਜੋ ਮਨੁੱਖ ਦੇ ਵਿਅਕਤਿਤਵ ਦਾ ਇਕ ਅੰਗ ਹੈ, ਦਾ ਅਵੇਸਤੀ ਨਾਮ ਮੰਨਿਆ ਜਾਂਦਾ ਹੈ। ਫ੍ਰਾਵਸ਼ੀ ਦੀ ਹੋਂਦ ਵਿਅਕਤੀ ਦੇ ਜੀਵਨ ਤੋਂ ਪਹਿਲਾਂ ਵੀ ਹੁੰਦੀ ਹੈ ਅਤੇ ਇਹ ਉਸ ਤੋਂ ਸੁਤੰਤਰ ਵੀ ਹੈ। ਦੈਵੀ ਪੁਰਸ਼ਾਂ ਕੋਲ ਭੀ ਦ੍ਰਾਵਸ਼ੀ ਹੋ ਸਕਦੀ ਹੈ। ਮੁੱਢਲੀਆਂ ਗਾਥਾਵਾਂ ਵਿਚ ਜ਼ਰਤੁਸਤ ਨੇ ਫ੍ਰਾਵਸ਼ੀ ਦਾ ਜ਼ਿਕਰ ਨਹੀਂ ਕੀਤਾ। ਫ੍ਰਾਵਸ਼ੀ ਦਾ ਪਹਿਲੀ ਵਾਰ ਸੰਕੇਤ ਬਹੁਤ ਮਗਰੋਂ ਦੇ ਇਕ ਗ੍ਰੰਥ 'ਫਾਰਵਾਰਦਨ ਯਾਸ਼ਤ' ਵਿਚ ਆਉਂਦਾ ਹੈ।

ਇਸ ਸਮੇਂ ਫ੍ਰਾਵਸ਼ੀਆਂ ਨੂੰ ਨੈਤਿਕਤਾ ਨਾਲ ਸੰਬੰਧਿਤ ਨਹੀਂ ਕੀਤਾ ਗਿਆ ਸੀ। ਅਜਿਹਾ ਉਨ੍ਹਾਂ ਨੂੰ ਈਰਾਨ ਵਿਚ ਸਸੈਨੀਅਨ ਵੰਸ਼ ਦੇ ਰਾਜ ਸਮੇਂ ਸਮਝਿਆ ਜਾਣ ਲੱਗਾ। ਫ੍ਰਾਵਸ਼ੀ ਦੇ ਦੋ ਭਾਵ ਲਏ ਜਾਂਦੇ ਹਨ ਜੋ ਇਸ ਸ਼ਬਦ ਦੀ ਇਕ ਵਚਨ ਜਾਂ ਸਮੂਹਕ ਤੌਰ ਤੇ ਵਰਤੋਂ ਤੇ ਨਿਰਭਰ ਕਰਦੇ ਹਨ। ਇਹ ਕਿਹਾ ਜਾਂਦਾ ਹੈ ਕਿ ਬਹੁ ਵਚਨ ਵਰਤੋਂ ਵਿਚ ਫ੍ਰਾਵਸ਼ੀ ਦਾ ਭਾਵ ਪੂਰਵਜ ਰੂਹਾਂ ਤੋਂ ਹੈ। ਫ੍ਰਾਵਸ਼ੀ ਇਕੱਠੇ ਰਲਕੇ ਮੀਂਹ ਲਿਆਉਣ ਅਤੇ ਪੋਦਿਆਂ ਨੂੰ ਫਲ ਲਾਉਣ ਵਿਚ ਸਹਾਈ ਹੁੰਦੇ ਹਨ। ਫ੍ਰਾਵਸ਼ੀ ਗਰਭ, ਜਨਮ ਅਤੇ ਛੋਟੇ ਬਾਲਕਾਂ ਦੀ ਸਹਾਇਤਾ ਕਰਦੇ ਹਨ। ਇਹ ਉਪਜਾਊ ਕਾਰਜ ਪਾਰਸੀ ਧਰਮ ਵਿਚ ਹੋਰਵਤੱਤ (Haurvata) ਅਤੇ ਅਮੇਰਤੱਤ (Emeretat) ਨਾਂ ਦੇ ਫਰਿਸ਼ਤਿਆਂ ਦੇ ਜਿੰਮੇ ਮੰਨੇ ਗਏ ਹਨ। ਪਰ ਇਨ੍ਹਾਂ ਧੁੰਦਲੀਆਂ ਮੂਰਤਾਂ ਨੂੰ ਆਮ ਪਾਰਸੀ ਨਹੀਂ ਮੰਨਦੇ। ਉਹ ਆਪਣੀਆਂ ਜੀਵਨ ਲੋੜਾਂ ਦੀ ਪੂਰਤੀ ਲਈ ਆਪਣੀਆਂ ਪੂਰਵਜ ਰੂਹਾਂ ਫ੍ਰਾਵਸੀ ਨੂੰ ਹੀ ਧਿਆਉਂਦੇ ਹਨ। ਫ੍ਰਾਵਸ਼ੀ ਯੁੱਧ ਦੇ ਮੈਦਾਨ ਵਿਚ ਸਹਾਈ ਹੋਏ ਮੰਨੇ ਗਏ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਫ੍ਰਾਵਸ਼ੀ ਹੀ ਚੰਨ, ਸੂਰਜ ਅਤੇ ਸਿਤਾਰਿਆਂ ਦਾ ਰਾਹ ਨਿਸ਼ਚਿਤ ਕਰਦੇ ਹਨ। ਭਾਵੇਂ ਇਹ ਕਿਹਾ ਜਾਂਦਾ ਹੈ ਕਿ ਫ੍ਰਾਵਸੀ ਸਮੂਹਕ ਰੂਪ ਵਿਚ ਕਾਰਜ ਕਰਦੇ ਹਨ ਪਰ ਤਾਂ ਭੀ 13 ਨੰਬਰ ਯਾਸ਼ਤ ਵਿਚ ਅਸੀਂ ਉਨ੍ਹਾਂ ਸੰਤਾਂ ਦੀ ਸੂਚੀ ਪੜ੍ਹਦੇ ਹਾਂ ਜਿਨ੍ਹਾਂ ਦੀ ਫ੍ਰਾਵਸ਼ੀ ਵੱਖਰੀ ਮੰਨੀ ਜਾਂਦੀ ਹੈ।

ਹੁਣ ਫ੍ਰਾਵਸ਼ੀ ਦਾ ਇਕ-ਵਚਨੀ ਸੰਕਲਪ ਬਿਆਨ ਕਰਦੇ ਹਾਂ। ਆਤਮ (self) ਦੇ ਅਵੇਸਤੀ ਅਨੁਸਾਰ ਮਾਨਵੀ ਵਿਅਕਤਿਤਵ ਦੇ ਪੰਜ ਅਭੌਤਿਕ ਤੱਤ ਵੀ ਹਨ। ਇਹ ਅਹੁ (Vitatily) ਦੈਨਾ (Ego) ਬਾਉਬਾਰ (Perception or Sense) ਉਰਵਨ (Soul) ਅਤੇ ਫ੍ਰਾਵਸੀ (Fravashi) ਹਨ। ਅਖੀਰਲੇ ਨੂੰ ਅਮਰ (Immortal) ਅਤੇ ਸਭ ਤੋਂ ਉਚਾ ਮੰਨਿਆ ਗਿਆ ਹੈ। ਇਹ ਮਨੁੱਖ ਦੀ ਜ਼ਿੰਦਗੀ ਸਮੇਂ ਅਹੁਰਮਜ਼ਦ ਨਾਲ ਰਹਿੰਦਾ ਹੈ।